Skill India
कौशल भारत - कुशल भारत

PMKVY
प्रधानमंत्री कौशल विकास योजना

ASCI
Agriculture Skill Council of India

N·S·D·C
National Skill Development Corporation

ਜੈਵਿਕ ਖੇਤੀ ਪੁਸਤਕਮਾਲਾ-II

# ਜੈਵਿਕ ਸਿਖਲਾਈ ਪੁਸਤਕ

## (QP-AGR/Q1201)



## तकनीकी समन्वय

उत्पादन तकनीक

जैविक कार्बन परीक्षण तकनीक

बायो डीकपोजर उत्पादन तकनीक

जैव कीटनाशक उत्पादन तकनीक

## मान्यता प्राप्त

प्रमाणित कृषि उत्पाद

ISO प्रमाणित

जैविक कृषि प्रशिक्षण

DSIR अनुसंधानात्मक पंजीकृत

CIB & RC जैव कीटनाशक पंजीकृत

स्टार्टअप इण्डिया में पंजीकृत

## हमारे पेटेन्ट उत्पाद




1) जैविक प्रोम




2) जैविक पोषक




3) जैविक सूभूमि




4) धरती का चौकीदार




5) जैविक खाद



5) जैविक क्रांति




6) धरती का डाक्टर
(मृदा परीक्षण किट)

7) मोबाइल ऐप
(मृदा परीक्षण किट के परिणाम
के साथ उर्वरक संस्तुति)

# ਵਿਸ਼ਾ ਸੂਚੀ


| ਕ੍ਰ.ਸੰ. | ਅਧਿਆਏ | ਸਫ਼ਾ ਨੰਬਰ |
|---|---|---|
| I | ਪ੍ਰਸਤਾਵਨਾ | I |
| II | ਅਭਿਸਵੀਕ੍ਰਤਿ | II |
| 1 | ਜੈਵਿਕ ਖੇਤੀ (ਏਜੀਆਰ/ਐਨ 1201) | 1-5 |
| 2 | ਫ਼ਸਲ ਚੱਕਰ (ਏਜੀਆਰ/ਐਨ 1201) | 6-7 |
| 3 | ਜੈਵਿਕ ਖੇਤੀ ਦੇ ਬੀਜ ਦੀ ਚੋਣ ਅਤੇ ਬੀਜੋਪਚਾਰ (ਏਜੀਆਰ/ਐਨ 1202) | 8 |
| 4 | ਪੋਸ਼ਕ ਤੱਤਾਂ ਦਾ ਪ੍ਰਬੰਧਨ (ਏਜੀਆਰ/ਐਨ 1203) | 9-20 |
| 5 | ਸਿੰਚਾਈ ਪ੍ਰਬੰਧਨ (ਏਜੀਆਰ/ਐਨ 1205) | 21-24 |
| 6 | ਖਰਪਤਵਾਰ-ਨਿਯੰਤ੍ਰਣ (ਏਜੀਆਰ/ਐਨ 1204) | 25-26 |
| 7 | ਜੈਵਿਕ ਖੇਤੀ ਦੇ ਤਹਿਤ ਏਕੀਕ੍ਰਤ ਨਾਸ਼ੀ ਜੀਵ ਅਤੇ ਰੋਗ ਪ੍ਰਬੰਧਨ (ਏਜੀਆਰ/ਐਨ 1206) | 27-31 |
| 8 | ਫ਼ਸਲ ਕਟਾਈ (ਏਜੀਆਰ/ਐਨ 1207) | 32 |
| 9 | ਜੈਵਿਕ ਪ੍ਰਮਾਣਨ ਅਤੇ ਗੁਣਵੱਤਾ ਆਸ਼ਵਾਸਨ (ਏਜੀਆਰ/ਐਨ 1208) | 33-37 |
| 10 | ਜੈਵਿਕ ਖੇਤੀ ਇਕ ਵਪਾਰ (ਏਜੀਆਰ/ਐਨ 1209) | 38-40 |

# ਪ੍ਰਸਤਾਵਨਾ

ਜੈਵਿਕ ਉਤਪਾਦਨ ਦੇ ਲਈ ਇਹ ਪੁਸਤਕ ਯੋਗਤਾ ਪੈਕ (ਕੁਆਲੀਫਿਕੇਸ਼ਨ ਪੈਕ-ਕਿਓਪੀ-ਏ ਜੀ ਆਰ/ਕਿਓ 1201) ਦੀ ਤਿਆਰੀ ਦੇ ਲਈ ਇਕ ਵਧੀਆ ਮਾਧਿਅਮ ਹੈ। ਜੈਵਿਕ ਖੇਤੀ ਕਰਨ ਵਾਲੇ ਕਿਸਾਨ ਪੂਰੀ ਤਰ੍ਹਾਂ ਪ੍ਰਮਾਣਿਕਤਾ ਨੂੰ ਸਥਾਪਿਤ ਕਰਕੇ ਰਾਸ਼ਟਰ ਦੇ ਵਿਕਾਸ ਵਿਚ ਹਿੱਸੇਦਾਰ ਵੀ ਹੈ, ਅੱਜ ਵੱਧਦੇ ਜਾ ਰਹੇ ਰਸਾਇਣਾਂ ਦੇ ਪ੍ਰਯੋਗ ਨਾਲ ਪ੍ਰਕ੍ਰਿਤੀ ਦੀਆਂ ਅਸੀਮ ਤਾਕਤਾਵਾਂ ਨੂੰ ਗਿਰਾਵਟ ਆਉਂਦੀ ਜਾ ਰਹੀ ਹੈ, ਇਹ ਜੈਵਿਕ ਉਤਪਾਦਨ ਪੁਸਤਕ ਕਿਸਾਨ ਭਰਾਵਾਂ ਨੂੰ ਪਰਿਸਿਥਤਿਕੀ ਦੇ ਪੁਨਰ ਉਦਾਰ ਦੇ ਲਈ ਆਪਣੇ ਉਦੇਸ਼ ਨੂੰ ਪ੍ਰਾਪਤ ਕਰਨ ਵਿਚ ਆਪ ਦੀ ਮਹੱਤਵਪੂਰਨ ਭੂਮਿਕਾ ਨਿਭਾਏਗੀ।

ਜੈਵਿਕ ਖੇਤੀ ਉਹ ਸਦਾਬਹਾਰ ਪ੍ਰਾਪੰਰਿਕ ਖੇਤੀ ਪ੍ਰਣਾਲੀ ਹੈ, ਜੋ ਭੂਮੀ ਦਾ ਕੁਦਰਤੀ ਸਰੂਪ ਬਣਾਉਣ ਵਾਲੀ ਤਾਕਤ ਨੂੰ ਵਧਾਉਂਦੀ ਹੈ। ਜੈਵਿਕ ਖੇਤੀ ਕਿਸਾਨਾਂ ਦੇ ਸਵਾਵਲੰਬਨ ਦੀ ਅਭਿਨਵ ਯੋਜਨਾ ਹੈ। ਇਸ ਦਾ ਮੁੱਖ ਉਦੇਸ਼ ਕਿਸਾਨਾਂ ਦੀ ਆਮਦਨ ਨੂੰ ਦੋਗਣਾ ਕਰਕੇ ਜੈਵਿਕ ਖੇਤੀ ਦੀ ਸਿਖਲਾਈ, ਉਤਸ਼ਾਹ ਅਤੇ ਦੇਸ਼ ਵਿਚ ਕਿਸਾਨਾਂ ਨੂੰ ਸਵਾਵਲੰਬੀ ਬਣਾਉਣਾ ਹੈ। ਜੈਵਿਕ ਖੇਤੀ ਵਾਤਾਵਰਨ ਸਮੱਸਿਆਵਾ ਦਾ ਹੱਲ ਹੈ।

## ਕਿਤਾਬ ਦੇ ਸਬੰਧ ਵਿਚ

**ਜੈਵਿਕ ਖੇਤੀ :** ਜੇਵਿਕ ਖੇਤੀ ਖੇਤੀਬਾੜੀ ਦੀ ਉਹ ਵਿੱਦਿਆ ਹੈ, ਜਿਸ ਵਿਚ ਜ਼ਮੀਨ ਨੂੰ ਉਪਜਾਊ ਅਤੇ ਜੀਵੰਤ ਰੱਖਦੇ ਹੋਏ ਕੇਵਲ ਜੈਵ ਅਵਸ਼ਿਸ਼ਟ, ਜੈਵਿਕ ਖਾਦ ਅਤੇ ਜੀਵਾਣੂ ਕ੍ਰਿਆਸ਼ੀਲਤਾ ਦੇ ਪ੍ਰਯੋਗ ਨਾਲ ਪ੍ਰਾਕ੍ਰਿਤੀ ਦੇ ਨਾਲ ਤਾਲਮੇਲ ਰੱਖ ਕੇ ਟਿਕਾਊ ਫ਼ਸਲ ਦਾ ਉਤਪਾਦਨ ਕੀਤਾ ਜਾਦਾ ਹੈ।

**ਫ਼ਸਲੀ ਚੱਕਰ :** ਭੂਮੀ ਦੀ ਉਪਜਾਊ ਨੂੰ ਬਣਾਏ ਰੱਖਣ ਦੇ ਉਦੇਸ਼ ਨਾਲ ਮਿਲੀਜੁਲੀ ਖੇਤੀ, ਕੀੜਿਆਂ ਨੂੰ ਆਕਰਸ਼ਿਤ ਕਰਨ ਵਾਲੀਆਂ ਫ਼ਸਲਾਂ, ਰਿਲੇ ਫ਼ਸਲ ਦੇ ਮਾਧਿਅਮ ਨਾਲ ਭੂਮੀ ਦੀ ਭੌਤਿਕ, ਰਸਾਇਣਿਕ ਸਥਿਤੀਆਂ ਵਿਚ ਸੰਤੁਲਨ ਸਥਾਪਿਤ ਕਰਨਾ ਹੈ।

**ਜੈਵਿਕ ਖੇਤੀ ਦੇ ਲਈ ਬੀਜ ਦੀ ਚੋਣ ਅਤੇ ਬੀਜੋਪਚਾਰ :** ਬੀਜ ਗੈਰ-ਆਨੁਵਾਂਸ਼ਿਕ ਸੰਸੋਧਿਤ ਅਤੇ ਇਕ ਸਮਾਨ ਆਕਾਰ ਦੇ ਅਤੇ ਦੇਸੀ ਅਤੇ ਸਥਾਈ ਬੀਜ ਜੋ ਸਵਸਥ ਹੋਣੇ ਚਾਹੀਦੇ ਅਤੇ ਬੀਜੋਪਚਾਰ ਦੇ ਲਈ ਬੀਜਾਮ੍ਰਿਤ, ਟ੍ਰਾਈਕੋਡਰਮ, ਸਯੁਡੋਮੋਨਾਸ ਆਦਿ ਦਾ ਪ੍ਰਯੋਗ ਕੀਤਾ ਜਾਣਾ ਚਾਹੀਦਾ।

**ਮ੍ਰਦਾ ਪੋਸ਼ਕ ਤੱਤਾਂ ਦਾ ਪ੍ਰਬੰਧਨ:** ਬਾਇਓਫਰਟੀਲਾਈਜਰ, ਪੰਚਗਵਯ, ਰਾਈਜੋਬਿਯਮ, ਟ੍ਰਾਈਕਾਡਰਮ, ਹਰੀ ਖਾਦ, ਏਜੋਲਾ, ਕੰਮਪੋਸਟ ਖਾਦ, ਵਰਮੀਕੰਮਪੋਸਟ, ਆਦਿ ਪੋਸ਼ਕ ਤੱਤਾਂ ਦੇ ਪ੍ਰਬੰਧਨ ਵਿਚ ਸਹਾਹਿਕ ਹੈ।

**ਸਿੰਚਾਈ ਪ੍ਰਬੰਧਨ:** ਉਨਤ ਸਿੰਚਾਈ ਵਿਧੀਆਂ ਦਾ ਉਪਯੋਗ ਜਿਵੇਂ : ਬੂੰਦ-ਬੂੰਦ ਸਿੰਚਾਈ (ਟਪਕਾ), ਫੁਹਾਰਾ ਸਿੰਚਾਈ, ਆਦਿ।

**ਖਰਪਤਵਾਰ ਨਿਯੰਤ੍ਰਣ :** ਜੁਤਾਈ, ਮਲਿਚੰਗ ਅਤੇ ਮਸ਼ੀਨੀ ਉਪਕਰਣਾਂ ਦੇ ਮਾਧਿਅਮ ਨਾਲ ਖਰਪਤਵਾਰ ਦਾ ਨਿਯੰਤ੍ਰਣ ਕਰਨਾ।

**ਏਕੀਕ੍ਰਤ ਨਾਸ਼ੀਜੀਵ ਪ੍ਰਬੰਧਨ:** ਇਸ ਦੇ ਰਾਹੀਂ ਫ਼ਸਲਾਂ 'ਤੇ ਆਈ ਵਿਆਧੀਆ ਨਾਲ ਨਿਪਟਣ ਵਾਸਤੇ ਸਹੀ ਵਿਧੀ ਦਾ ਪ੍ਰਯੋਗ ਕਰਨਾ।

**ਜੈਵਿਕ ਪ੍ਰਮਾਣੀਕਰਨ ਅਤੇ ਗੁਣਵੱਤਾ ਆਸਵਾਸ਼ਨ :** ਇਹ ਜੈਵਿਕ ਖਾਦਯ ਦੀ ਵੱਧਦੀ ਹੋਈ ਮੰਗ ਵਿਚ ਗੁਣਵੱਤਾ ਸੁਨਿਸਚਿਤ ਕਰਨ ਅਤੇ ਧੋਖਾਧੜੀ ਅਤੇ ਬੇਇਮਾਨੀ ਰੋਕਣ ਵਿਚ ਸਹਾਇਕ ਹੈ।

**ਜੈਵਿਕ ਖੇਤੀ ਇਕ ਵਪਾਰ :** ਦੇਸ਼ ਅਤੇ ਵਿਦੇਸ਼ ਵਿਚ ਵੱਧਦੇ ਹੋਏ ਜੈਵਿਕ ਉਤਪਾਦ ਦੀ ਮੰਗ ਦੇ ਕਾਰਣ ਜੈਵਿਕ ਖੇਤੀ ਦਾ ਭਵਿੱਖ ਉਜਵਲ ਹੈ।

ਜੈਵਿਕ ਖੇਤੀ ਦੇ ਮਾਧਿਅਮ ਨਾਲ ਪ੍ਰਾਕਿਤਕ ਸੰਤੁਲਨ, ਜ਼ਮੀਨ ਉਪਜਾਊ ਅਤੇ ਖੇਤੀ ਨੂੰ ਜ਼ਹਿਰ ਮੁਕਤ ਬਣਾਏ ਰੱਖਣ ਦੇ ਲਈ ਪਰਮ ਪੂਜਨੀਕ ਆਚਾਰਿਆ ਜੀ ਅਤੇ ਪਤੰਜਲੀ ਬਾਇਓ ਰਿਸਰਚ ਸੈਂਟਰ ਦੇ ਵਿਗਿਆਨਿਕਾਂ ਦੇ ਨਾਲ ਦ੍ਰਿੜ੍ਹ ਸੰਕਲਪ ਹੈ।

# ਪ੍ਰਵਾਨਗੀ

ਪਰਮ ਪੂਜਨੀਕ ਸਵਾਮੀ ਰਾਮਦੇਵ ਜੀ ਅਤੇ ਪਰਮ ਪੂਜਨੀਕ ਆਚਾਰਿਆ ਬਾਲਕ੍ਰਿਸਨ ਜੀ ਦੇ ਮਾਰਗ ਦਰਸ਼ਨ ਵਿਚ ਪਤੰਜਲੀ ਬਾਇਓ ਰਿਸਰਚ ਇੰਸਟੀਚਿਊਟ (PBRI) ਭਾਰਤ ਸਰਕਾਰ ਦੇ ਅਭਿਲਾਸ਼ੀ ਪ੍ਰਧਾਨ ਮੰਤਰੀ ਕੌਸ਼ਲ ਵਿਕਾਸ ਯੋਜਨਾ (PMKVY) ਦੇ ਅਧੀਨ ਅਤੇ ਉਦਮਿਤਾ ਮੰਤਰਾਲਾ ਭਾਰਤ ਸਰਕਾਰ (Ministry of Skill Development and Entrepreneurship) ਦੇ ਅਧੀਨ ਕੰਮ ਕਰਦੇ ਰਾਸ਼ਟਰੀ ਕੌਸ਼ਲ ਵਿਕਾਸ ਨਿਗਮ (National Skill Development Corporation-NSDC) ਦੇ ਪ੍ਰਤੀ ਧੰਨਵਾਦ ਪ੍ਰਗਟ ਕਰਦੇ ਹਾਂ।

ਅਸੀਂ ਭਾਰਤੀ ਖੇਤੀ ਕੌਂਸਲ ਪਰਿਸ਼ਦ (Agriculture Skill Council of India-ASCI) ਦਾ ਧੰਨਵਾਦ ਪ੍ਰਗਟ ਕਰਦੇ ਹਾਂ, ਜਿਨ੍ਹਾਂ ਨੇ ਜੈਵਿਕ ਉਤਪਾਦਕ ਦੇ ਲਈ ਇਸ ਕਿਤਾਬ ਦੀ ਸੰਕਲਪਨਾ ਅਤੇ ਵਿਕਾਸ ਵਿਚ ਲਗਾਤਾਰ ਉਤਸ਼ਾਹ ਦੇ ਕੇ ਜ਼ਿਆਦਾ ਉਪਯੋਗੀ ਬਣਾਉਣ ਵਿਚ ਸਹਿਯੋਗ ਦਿੱਤਾ।

ਅਸੀਂ ਪੀ.ਬੀ.ਆਰ.ਆਈ. ਦੀ ਟੀਮ ਦੇ ਸਾਰੇ ਮੈਂਬਰਾਂ ਖਾਸ ਕਰਕੇ ਸ੍ਰੀ ਰਾਜੇਸ਼ ਆਨੰਦ (ਉਪ ਪ੍ਰਧਾਨ), ਸ੍ਰੀ ਪਵਨ ਕੁਮਾਰ (ਚੀਫ ਜਨਰਲ ਮੈਨੇਜਰ), ਡਾ. ਅਸ਼ੋਕ ਮਹਿਤਾ (ਡਾਇਰੈਕਟਰ), ਡਾ. ਰਵਿੰਦਰ ਬਾਬੂ (ਡਾਇਰੈਕਟਰ), ਡਾ. ਰਿਸ਼ੀ ਕੁਮਾਰ ਵਰਮਾ, (ਜਨਰਲ ਮੈਨੇਜਰ), ਸ੍ਰੀ ਵਿਵੇਕ ਬੇਨੀਪੁਰੀ (ਜਨਰਲ ਮੈਨੇਜਰ), ਡਾ. ਰਾਮਕੁਮਾਰ ਸ਼ੁਕਲਾ (ਜਨਰਲ ਮੈਨੇਜਰ), ਡਾ. ਪੂਜਾ ਸ਼ਾਹ (ਮੈਨੇਜਰ), ਡਾ. ਧਰਮੇਸ਼ ਵਰਮਾ, ਡਾ. ਜੇ.ਐਲ. ਦਿਵੇਦੀ, ਸ੍ਰੀ ਪੁਸਪੇਂਦਰ ਯਾਦਵ, ਸ੍ਰੀ ਜੁਝਾਰ ਸਿੰਘ ਨਾਗਰ, ਸ੍ਰੀ ਤਰੁਣ ਸਰਮਾ, ਸ੍ਰੀ ਵਿਭੋਰ ਜੈਨ, ਸ੍ਰੀ ਪ੍ਰਾਸ਼ੂ ਸਰਮਾ, ਸਾਧਵੀ ਦੇਵ ਸ਼ਰਣਯਾ, ਸ੍ਰੀ ਸੂਰਵੀਰ ਸਿੰਘ, ਸ੍ਰੀ ਦੀਪਕ ਵਸ਼ਿਸ਼ਠ, ਰਜਤ ਚੌਧਰੀ, ਸ੍ਰੀ ਸੌਰਭ ਕੁਮਾਰ ਸੈਣੀ ਅਤੇ ਰੁਪਿੰਦਰ ਸਿੰਘ ਦੇ ਧੰਨਵਾਦੀ ਹਾਂ, ਜਿਨ੍ਹਾਂ ਨੇ ਸਮੇਂ ਸਿਰ ਇਸ ਕਿਤਾਬ ਨੂੰ ਤਿਆਰ ਕਰਨ ਵਿਚ ਸਹਿਯੋਗ ਦਿੱਤਾ।

ਅਸੀਂ ਉਨ੍ਹਾਂ ਸਾਰੇ ਵਿਅਕਤੀਆਂ ਦੇ ਧੰਨਵਾਦੀ ਹਾਂ, ਜਿਨ੍ਹਾਂ ਨੇ ਪ੍ਰਤੱਖ ਅਤੇ ਅਪ੍ਰਤੱਖ ਰੂਪ ਨਾਲ ਇਸ ਜੈਵਿਕ ਉਤਪਾਦਕ ਦੇ ਲਈ ਕਿਤਾਬ ਵਿਚ ਸਹਿਯੋਗ ਦਿੱਤਾ ਹੈ।

**ਪਤੰਜਲੀ ਬਾਇਓ ਰਿਸਰਚ ਇੰਸਟੀਚਿਊਟ**

**ਹਰਿਦੁਆਰ।**

# पतंजलि

# धरती का डॉक्टर

पौधों को पोटाश उपलब्ध कराने वाला जैव उर्वरक














# ਜੈਵਿਕ ਖੇਤੀ (ਏਜੀਆਰ/N1201)

ਜੈਵਿਕ ਖੇਤੀ ਖੇਤੀਬਾੜੀ ਦੀ ਉਹ ਵਿੱਦਿਆ ਹੈ, ਜਿਸ ਵਿਚ ਮ੍ਰਦਾ ਨੂੰ ਸਵੱਸਥ ਅਤੇ ਜੀਵੰਤ ਰੱਖਦੇ ਹੋਏ ਕੇਵਲ ਜੈਵ ਅਵਸ਼ਿਸ਼ਟ, ਜੈਵਿਕ ਜਾਂ ਜੀਵਾਣੂ ਖਾਦ ਦੇ ਪ੍ਰਯੋਗ ਨਾਲ ਪ੍ਰਾਕਿਤੀ ਦੇ ਨਾਲ ਤਾਲਮੇਲ ਰੱਖ ਕੇ ਟਿਕਾਊ ਫ਼ਸਲ ਦਾ ਉਤਪਾਦਨ ਕੀਤਾ ਜਾਂਦਾ ਹੈ।

ਵਿਸ਼ਵ ਖਾਦ ਸੰਗਠਨ ਦੇ ਅਨੁਸਾਰ ਜੈਵਿਕ ਖੇਤੀ ਇਕ ਅਜਿਹੀ ਅਨੂਠੀ ਖੇਤੀ-ਪ੍ਰਬੰਧਨ ਦੀ ਪ੍ਰਕ੍ਰਿਆ ਹੈ, ਜੋ ਖੇਤੀ ਦੇ ਵਾਤਾਵਰਨ ਦਾ ਸਵਸਥ, ਜੈਵ ਵਿਵਿਧਤਾ, ਜੈਵਿਕ ਚੱਕਰ ਅਤੇ ਮਿੱਟੀ ਦੀ ਜੈਵਿਕ ਪ੍ਰਣਾਲੀਆਂ ਦਾ ਸੰਰੱਖਿਅਣ ਅਤੇ ਪੋਸ਼ਣ ਕਰਦੇ ਹੋਏ ਉਤਪਾਦਨ ਸੁਨਿਸਚਿਤ ਕਰਦੀ ਹੈ। ਇਸ ਪ੍ਰਕ੍ਰਿਆ ਵਿਚ ਕਿਸੇ ਵੀ ਪ੍ਰਕਾਰ ਦੇ ਸੰਸਲੇਸ਼ਿਤ ਅਤੇ ਰਸਾਇਣਿਕ ਆਦਾਨਾਂ ਦੇ ਉਪਯੋਗ ਦੇ ਲਈ ਕੋਈ ਸਥਾਨ ਨਹੀਂ ਹੈ।

***ਜੈਵਿਕ ਖੇਤੀ ਅਤੇ ਰਸਾਇਣਿਕ ਖੇਤੀ ਵਿਚ ਅੰਤਰ :***

| ਵਿਵਰਣ | ਜੈਵਿਕ ਖੇਤੀ | ਰਸਾਇਣਿਕ ਖੇਤੀ |
|---|---|---|
| ਉਤਪਾਦਨ ਦੀ ਲਾਗਤ | ਸਮੁੱਚੇ ਰੂਪ ਨਾਲੋਂ ਘੱਟ | ਸਮੁੱਚੇ ਰੂਪ ਤੋਂ ਜ਼ਿਆਦਾ |
| ਖਾਦ | ਰਸਾਇਣਿਕ ਖਾਦਾਂ ਦਾ ਪ੍ਰਯੋਗ ਨਹੀਂ। | ਰਸਾਇਣਿਕ ਖਾਦਾਂ ਦਾ ਪ੍ਰਯੋਗ। |
| ਕੀਟਨਾਸ਼ਕ | ਰਸਾਇਣਿਕ ਕੀਟਨਾਸ਼ਕਾਂ ਦਾ ਬਿਲਕੁਲ ਪ੍ਰਯੋਗ ਨਹੀਂ। | ਰਸਾਇਣਿਕ ਕੀਟਨਾਸ਼ਕਾਂ ਦਾ ਪ੍ਰਯੋਗ |
| ਬੀਜ | ਥੋੜੇ ਜਿਹੇ ਮਹਿੰਗੇ ਪਰ ਉਤਪਾਦਨ ਦੀ ਕੁਲ ਲਾਗਤ ਦਾ ਇਕ ਛੋਟਾ ਭਾਗ ਹੁੰਦਾ ਹੈ। | ਉਮੀਦ ਤੋਂ ਮਹਿੰਗੇ। |
| ਮਿਹਨਤ | ਲੇਬਰ ਦੀ ਜ਼ਿਆਦਾ ਜ਼ਰੂਰਤ। | ਮਸ਼ੀਨਾਂ ਨਾਲ ਖੇਤੀ, ਇਸ ਲਈ ਮਜ਼ਦੂਰਾਂ ਦੀ ਘੱਟ ਜ਼ਰੂਰਤ। |
| ਉਤਪਾਦਕਤਾ | ਉਮੀਦ ਤੋਂ ਜ਼ਿਆਦਾ ਜਾਂ ਸਮਾਂ ਬੀਤਣ ਦੇ ਨਾਲ ਸਮਾਨ। | ਸਮਾਂ ਬੀਤਣ ਦੇ ਨਾਲ ਗਿਰਾਵਟ ਆਉਂਦੀ |
| ਕਿਸਾਨਾਂ ਦੀ ਆਮਦਨ | ਉਤਪਾਦਨ ਦੀ ਘੱਟ ਲਾਗਤ, ਇਸ ਲਈ ਆਮਦਨ ਵਾਧਾ ਉਮੀਦ ਤੋਂ ਜ਼ਿਆਦਾ। | ਉਤਪਾਦਨ ਦੀ ਜ਼ਿਆਦਾ ਲਾਗਤ ਅਤੇ ਘੱਟ ਆਮਦਨ ਹੋਣਾ। |
| ਉਪਭੋਗਤਾਵਾਂ ਦੇ ਲਈ ਕੀਮਤ | ਉਮੀਦ ਤੋਂ ਥੋੜ੍ਹੇ ਮਹਿੰਗੇ ਹੁੰਦੇ ਹਨ। | ਸਸਤੇ, ਪਰ ਸਿਹਤ- ਸਬੰਧੀ ਸਮੱਸਿਆਵਾਂ ਹੁੰਦੀਆਂ ਹਨ ਅਤੇ ਵਾਤਾਵਰਨ ਵਿਚ ਅਸੰਤੁਲਨ ਨਾਲ ਜੀਵਨ ਦੀ ਸਮੁੱਚੇ ਲਾਗਤ ਵਿਚ ਵਾਧਾ। |

**ਜੈਵਿਕ ਖੇਤੀ ਵਿਚ ਸਿਧਾਂਤ :**

1. ਪ੍ਰਕ੍ਰਿਤੀ ਦੀ ਧਰੋਹਰ ਹੈ।
2. ਹਰੇਕ ਜੀਵ ਦੇ ਲਈ ਮ੍ਰਦਾ ਹੀ ਸਰੋਤ ਹੈ।
3. ਸਾਨੂੰ ਜਮੀਨ ਨੂੰ ਪੋਸ਼ਣ ਦੇਣਾ ਹੈ, ਨਾ ਕਿ ਪੌਦੇ ਨੂੰ, ਜਿਸ ਨੂੰ ਅਸੀਂ ਉਗਾਉਣਾ ਚਾਹੁੰਦੇ ਹਾਂ।
4. ਊਰਜਾ ਪ੍ਰਾਪਤ ਕਰਾਉਣ ਵਾਲੀ ਲਾਗਤ ਵਿਚ ਪੂਰਨ ਸਵਤੰਤਰਤਾ।
5. ਪਾਰਿਸਿਥਤਿਕੀ ਦਾ ਪੁਨਰੁਦਾਰ।

**ਜੈਵਿਕ ਖੇਤੀ ਦਾ ਮਹੱਤਵ**

1. ਭੂਮੀ ਦੀ ਉਪਜਾਊ ਸਕਤੀ ਵਿਚ ਟਿਕਾਊਪਨ।
2. ਜੈਵਿਕ ਖੇਤੀ ਪ੍ਰਦੂਸ਼ਣ ਤੋਂ ਰਹਿਤ।
3. ਘੱਟ ਪਾਣੀ ਦੀ ਜ਼ਰੂਰਤ।
4. ਪਸ਼ੂਆਂ ਦਾ ਜ਼ਿਆਦਾ ਮਹੱਤਵ।
5. ਫ਼ਸਲ-ਅਵਸ਼ੇਸ਼ਾਂ ਨੂੰ ਖਪਾਉਂਣ ਦੀ ਸਮੱਸਿਆ ਨਹੀਂ।
6. ਚੰਗੀ ਗੁਣਵੱਤਾ ਦੀ ਪੈਦਾਵਾਰ।
7. ਖੇਤੀ-ਮਿੱਤਰ ਜੀਵ ਸੁਰੱਖਿਅਤ ਅਤੇ ਸੰਖਿਆ ਵਿਚ ਵਾਧਾ।
8. ਸਿਹਤ ਵਿਚ ਸੁਧਾਰ।
9. ਘੱਟ ਲਾਗਤ।
10. ਜ਼ਿਆਦਾ ਲਾਭ।

**ਬੀਜ ਉਪਚਾਰ :**

***ਜੈਵਿਕ ਖੇਤੀ ਵਿਚ ਹੇਠ ਤਰ੍ਹਾਂ ਦੇ ਬੀਜ ਉਪਚਾਰ ਕਰ ਸਕਦੇ ਹੋ :***

* 50 ਸੈ.ਗ੍ਰੇ. ਤਾਪਕ੍ਰਮ 'ਤੇ 20-30 ਮਿੰਟ ਤੱਕ ਗਰਮ ਪਾਣੀ-ਉਪਚਾਰ।
* ਗਊਮੂਤਰ ਜਾਂ ਗੋਮੂਤਰ-ਦੀਮਕ ਦਾ ਟੀਲਾ, ਮ੍ਰਦਾ-ਪੇਸਟ।
* ਬੀਜਾਮ੍ਰਤ 50 ਗ੍ਰਾ. ਗਾਂ ਦਾ ਗੋਬਰ+50 ਮਿ.ਲੀ. ਗੋਮੂਤਰ+50 ਮਿ.ਲੀ. ਗਾਂ ਦਾ ਦੁੱਧ+ 2-3 ਗ੍ਰਾ. ਚੂਨਾ, ਇਕ ਲੀਟਰ ਪਾਣੀ ਵਿਚ ਮਿਲਾ ਕੇ ਪੂਰੀ ਰਾਤ ਰੱਖਦੇ ਹਨ।ਇਸ ਨਾਲ ਬੀਜਪਚਾਰ ਕਰਦੇ ਹਨ।
* ਹਿੰਗ; ਵਿਮਜਪਕੰਦੂ 250 ਗ੍ਰਾ./10 ਕਿ.ਗ੍ਰਾ. ਬੀਜ ਦੀ ਦਰ ਨਾਲ।
* ਹਲਦੀ ਪਾਊਡਰ ਗੋਮੂਤਰ ਵਿਚ ਮਿਲਾ ਕੇ ਵੀ ਬੀਜੋਪਚਾਰ ਦੇ ਵਾਸਤੇ ਪ੍ਰਯੋਗ ਕੀਤਾ ਜਾ ਸਕਦਾ ਹੈ।
* ਪੰਚਗਵਯ ਸਤ
* ਦਸ਼ਪਰਣੀ ਸਤ।
* ਟ੍ਰਾਈਕਡਰਮਾ ਵਿਰੀਡੀ (04 ਗ੍ਰਾ./ਕਿ.ਗ੍ਰ.ਬੀਜ) ਜਾਂ ਸਯੁਡੋਮੋਨਾਸ ਫਲੋਰੇਸੇਂਸ (10 ਗ੍ਰਾ./1 ਕਿ.ਗ੍ਰਾ.ਬੀਜ)।
* ਜੈਵ ਖਾਦ (ਰਾਈਜੋਬਿਯਮ/ਹਜੈਟੋਬੈਕਟਰ+ਪੀ.ਐਸ.ਬੀ.)।

***ਅਨੇਕ ਪ੍ਰਕਾਰ ਦੀ ਸੁਰੱਖਿਅਤ ਖੇਤੀ-ਵਿਧੀਆਂ ਅਤੇ ਉਨ੍ਹਾਂ ਦੀਆਂ ਵਿਸ਼ੇਸ਼ਤਾਵਾਂ :***

ਉਚਿਤ ਖੇਤੀ ਕ੍ਰਿਆਵਾਂ (ਜੀ.ਏ.ਪੀ. ਪ੍ਰਣਾਲੀ) ਸ਼ੁਰੂਆਤੀ ਉਤਪਾਦਨ ਪੱਧਰ 'ਤੇ ਕੀਟਨਾਸ਼ਕਾਂ ਦੀ ਰਹਿੰਦ ਖੂੰਦ, ਪਸ਼ੂ-ਚਕਿੱਤਸਾ, ਐਂਟੀਬਾਇਓਟਿਕ ਦੀਆਂ ਦਵਾਈਆਂ ਦੀ ਰਹਿੰਦ ਖੂੰਹਦ, ਧਾਤੂ-ਅਵਸ਼ੇਸ਼ਾ, ਅਫਲਾਟਾਕਿਸਨ-ਅਵਸ਼ੇਸ਼ਾ, ਸੂਖਮਜੀਵ ਵਿਗਿਆਨੀ ਪ੍ਰਦੂਸ਼ਕ ਵਰਗੇ ਦੂਸ਼ਿਤ ਪਦਾਰਥਾਂ ਨੂੰ ਖਾਦ ਲੜੀ ਵਿਚ ਪ੍ਰਵੇਸ ਕਰਨ ਦੀ ਸੰਭਾਵਨਾਵਾਂ ਨੂੰ ਸਮਾਪਤ ਕਰਕੇ ਸੁਰੱਖਿਅਤ ਖੇਤੀ ਉਪਜ ਅਤੇ ਭੋਜਨ ਦੇ ਉਤਪਾਦਨ ਵਿਚ ਮਦਦ ਕਰਦਾ ਹੈ।ਉਚਿਤ ਖੇਤੀ-ਕ੍ਰਿਆਵਾਂ, ਜੀ.ਏ.ਪੀ. ਦੇ ਤਹਿਤ ਨਿਮਨ-ਲਿਖਤ ਵਿਧੀਆਂ ਦਾ ਪਾਲਣ ਕੀਤਾ ਜਾਂਦਾ ਹੈ। ਉਚਿਤ ਖੇਤੀ-ਕ੍ਰਿਆਵਾਂ, ਦੇ ਤਹਿਤ ਨਿਮਨਲਿਖਿਤ ਵਿਧੀਆਂ ਦਾ ਪਾਲਣ ਕੀਤਾ ਜਾਂਦਾ ਹੈ।

* ਮਿਟ੍ਟੀ ਮਿੱਟੀ ਦੀ ਪ੍ਰਜਨਨ ਤਾਕਤ ਅਤੇ ਵਿਵਿਧਤਾ ਨੂੰ ਵਧਾਉਣ ਦੇ ਲਈ ਉਚਿਤ ਫ਼ਸਲਾਂ ਦੇ ਫ਼ਸਲ-ਚੱਕਰ ਨੂੰ ਅਪਨਾਉਣਾ।
* ਆਵਰਣ/ਕਵਰ ਫ਼ਸਲਾਂ ਦਾ ਰੋਪਣ।
* ਟਿਲੇਜ ਨੂੰ ਘੱਟ ਕਰਨਾ ਜਾਂ ਹਟਾਉਣਾ।
* ਏਕੀਕ੍ਰਿਤ ਕੀਟ ਪ੍ਰਬੰਧਨ (ਆਈ.ਪੀ.ਐਮ.) ਲਾਗੂ ਕਰਨਾ।
* ਪਸ਼ੂਧਨ ਅਤੇ ਫ਼ਸਲਾਂ ਨੂੰ ਏਕੀਕ੍ਰਿਤ ਕਰਨਾ।
* ਖੇਤੀ ਵਾਨਿਕੀ ਪ੍ਰਥਾਵਾਂ ਨੂੰ ਅਪਨਾਉਣ ਨਾਲ।
* ਜੈਵਿਕ ਖੇਤੀ ਵਿਚ ਲਾਗਤ ਅਤੇ ਰਾਜਸਵ ਦਾ ਦਾਇਰਾ।
* ਜੈਵਿਕ ਖੇਤੀ ਵਿਚ ਭੂਮੀ ਦੀ ਤਿਆਰੀ, ਬੀਜਾਂ ਦੀ ਬੁਵਾਈ, ਖਰਪਤਵਾਰ-ਨਿਯੰਤ੍ਰਣ, ਫ਼ਸਲ ਬਿਮਾਰੀਆਂ ਦੀ ਰੋਕਥਾਮ

ਆਦਿ ਦਾ ਨਿਯੰਤ੍ਰਣ ਜੈਵ ਖਾਦਾਂ, ਮਿੱਤਰ-ਕੀਟਾਂ ਅਤੇ ਸੂਖਮ-ਜੀਵਾਣੂਆਂ ਰਾਹੀਂ ਕੀਤਾ ਜਾਂਦਾ ਹੈ।

* ਜੈਵਿਕ ਖੇਤੀ ਵਿਚ ਉਪਯੋਗ ਕੀਤੇ ਜਾਣ ਵਾਲੇ ਸਾਰੇ ਆਦਾਨ ਸਸਤੇ ਅਤੇ ਆਸਾਨੀ ਨਾਲ ਉਪਲਬਧ ਹੁੰਦੇ ਹਨ।
* ਜੈਵਿਕ ਖੇਤੀ ਨਾਲ ਲਾਭ ਦੇ ਰੂਪ ਵਿਚ ਖੇਤ ਵਿਚ ਵਿਸ਼ੈਲੇ ਪਦਾਰਥਾਂ ਦਾ ਵਿਘਟਨ ਹੁੰਦਾ ਹੈ, ਮ੍ਰਦਾ ਦੀ ਸਥਿਤੀ ਵਿਚ ਸੁਧਾਰ ਹੁੰਦਾ ਹੈ ਫਲਸਰੂਪ ਸਾਨੂੰ ਸਵੱਸਥ ਅਤੇ ਗੁਣਵੱਤਾਯੁਕਤ ਫ਼ਸਲ ਪ੍ਰਾਪਤ ਹੁੰਦੀ ਹੈ, ਜਿਸ ਦਾ ਬਾਜ਼ਾਰ ਮੁਲ ਵੀ ਜ਼ਿਆਦਾ ਹੁੰਦਾ ਹੈ।

**ਜੈਵਿਕ ਪ੍ਰਣਾਲੀ ਦੇ ਰਾਹੀਂ ਜੈਵਿਕ ਕੀਟ ਅਤੇ ਵਿਆਧੀ-ਨਿਯੰਤ੍ਰਣ :**

**ਜੈਵਿਕ ਕੀਟ ਅਤੇ ਵਿਆਧੀ-ਨਿਯੰਤ੍ਰਣ ਇਸ ਪ੍ਰਕਾਰ ਹੈ :**

1. **ਗਊਮੂਤਰ :** ਗਊਮੂਤਰ ਕੱਚ ਦੀ ਸ਼ੀਸ਼ੀ ਵਿਚ ਭਰ ਕੇ ਧੁੱਪ ਵਿਚ ਰੱਖ ਸਕਦੇ ਹੋ। ਜਿਨ੍ਹਾਂ ਪੁਰਾਣਾ ਗਊਮੂਤਰ ਹੋਵੇਗਾ, ਓਨਾ ਹੀ ਜ਼ਿਆਦਾ ਪ੍ਰਭਾਵਸ਼ਾਲੀ ਹੋਵੇਗਾ। 12-15 ਮਿ.ਮੀ. ਗਊਮੂਤਰ ਪ੍ਰਤੀ ਲੀਟਰ ਪਾਣੀ ਵਿਚ ਮਿਲਾ ਕੇ ਸਪਰੇਅ ਪੰਪ ਨਾਲ ਫਸਲਾਂ ਵਿਚ ਬੁਆਈ ਦੇ 15 ਦਿਨ ਬਾਅਦ ਹਰੇਕ 10 ਦਿਨ ਵਿਚ ਛਿੜਕਾਅ ਕਰਨ ਨਾਲ ਫ਼ਸਲਾਂ ਵਿਚ ਰੋਗ ਅਤੇ ਕੀੜਿਆਂ ਦੀ ਪ੍ਰਤੀਰੋਧੀ ਤਾਕਤ ਵਿਕਸਿਤ ਹੁੰਦੀ ਹੈ, ਜਿਸ ਨਾਲ ਪ੍ਰਕੋਪ ਦੀ ਸੰਭਾਵਨਾ ਘੱਟ ਰਹਿੰਦੀ ਹੈ।

2. **ਨਿੰਮ ਦਾ ਉਤਪਾਦ :** ਨਿੰਮ ਭਾਰਤੀ ਮੂਲ ਦਾ ਪੌਦਾ ਹੈ, ਜਿਸ ਨੂੰ ਸਮੂਲ ਹੀ ਵੈਦ ਦੇ ਰੂਪ ਵਿਚ ਮਾਨਤਾ ਪ੍ਰਾਪਤ ਹੈ। ਇਸ ਨਾਲ ਮਨੁੱਖ ਦੇ ਲਈ ਉਪਯੋਗੀ ਔਸ਼ਧੀਆਂ ਤਿਆਰ ਕੀਤੀਆਂ ਜਾਂਦੀਆਂ ਹਨ ਅਤੇ ਇਸ ਦੇ ਉਤਪਾਦ ਫ਼ਸਲ-ਸਾਂਭ ਸੰਭਾਲ ਦੇ ਲਈ ਅਤਿਅੰਤ ਉਪਯੋਗੀ ਹੈ।

3. **ਨਿੰਮ-ਪੱਤੀ ਦਾ ਘੋਲ :** ਨਿੰਮ ਦੀਆਂ 10-12 ਕਿਲੋ ਪੱਤੀਆਂ 200 ਲੀਟਰ ਪਾਣੀ ਵਿਚ 4 ਦਿਨ ਤੱਕ ਭਿਗੋਓ। ਪਾਣੀ ਹਰਾ-ਪੀਲਾ ਹੋਣ 'ਤੇ ਇਸ ਨੂੰ ਛਾਣ ਕੇ ਇਕ ਏਕੜ ਦੀ ਫ਼ਸਲ 'ਤੇ ਛਿੜਕਾਅ ਕਰਨ ਨਾਲ ਇੱਲੀ ਦੀ ਰੋਕਥਾਮ ਹੁੰਦੀ ਹੈ। ਇਸ ਔਸ਼ਧੀ ਦੀ ਗਤੀ ਨੂੰ ਵਧਾਉਣ ਦੇ ਲਈ ਬੇਸ਼ਰਮ, ਧਤੂਰਾ, ਤੰਬਾਕੂ ਆਦਿ ਦੇ ਪੱਤਿਆਂ ਨੂੰ ਮਿਲਾ ਕੇ ਕਾੜ੍ਹਾ ਬਣਾਉਣ ਨਾਲ ਔਸ਼ਧੀ ਦਾ ਅਸਰ ਵੱਧ ਜਾਂਦਾ ਹੈ ਅਤੇ ਇਹ ਦਵਾ ਕਈ ਪ੍ਰਕਾਰ ਦੇ ਕੀੜਿਆਂ ਨੂੰ ਨਸ਼ਅ ਕਰਨ ਵਿਚ ਉਪਯੋਗੀ ਸਿੱਧ ਹੋਈ ਹੈ।

4. **ਨਿੰਮ ਦੀ ਨਿੰਬੋਲੀ :** ਨਿੰਮ ਦੀ ਨਿੰਬੋਲੀ 2 ਕਿਲੋ ਲੈ ਕੇ ਬਰੀਕ ਪੀਸ ਲਓ, ਇਸ ਵਿਚ 2 ਲੀਟਰ ਤਾਜ਼ਾ ਗਊਮੂਤਰ ਮਿਲਾ ਲਓ। ਇਸ ਵਿਚ 10 ਕਿਲੋ ਲੱਸੀ ਮਿਲਾ ਕੇ 4 ਦਿਨ ਰੱਖੋ ਅਤੇ 200 ਲੀਟਰ ਪਾਣੀ ਮਿਲਾ ਕੇ ਖੇਤਾਂ ਵਿਚ ਫਸਲ 'ਤੇ ਛਿੜਕਾਅ ਕਰੋ।

5. **ਨਿੰਮ ਦੀ ਖਲੀ :** ਜ਼ਮੀਨ ਵਿਚ ਸਿਉਂਕ ਅਤੇ ਸਫੇਦ ਗ੍ਰਬ ਅਤੇ ਹੋਰ ਕੀੜਿਆਂ ਦੀਆਂ ਝੱਲੀਆਂ ਅਤੇ ਪਯੂਪਾ ਨੂੰ ਨਸ਼ਟ ਕਰਨ ਅਤੇ ਭੂਮੀ-ਜਨਿਤ ਰੋਗ ਵਿਲਟ ਆਦਿ ਦੀ ਰੋਕਥਾਮ ਦੇ ਲਈ ਇਸ ਦਾ ਪ੍ਰਯੋਗ ਕੀਤਾ ਜਾ ਸਕਦਾ ਹੈ। 6-8 ਕੁਇੰਟਲ ਪ੍ਰਤੀ ਏਕੜ ਦੀ ਦਰ ਨਾਲ ਆਖਰੀ ਜੁਤਾਈ ਕਰਦੇ ਸਮੇਂ ਕੁਟ ਕੇ ਬਰੀਕ ਕਰਕੇ ਖੇਤ ਵਿਚ ਮਿਲਾਓ।

6. **ਆਈਪੋਮਿਆ (ਬੇਸਰਮ) ਪੱਤੀ-ਘੋਲ :** ਬੇਸਰਮ/ਆਈਪੋਮਿਆ ਦੀਆਂ 10-12 ਕਿਲੋ ਪੱਤੀਆਂ, 200 ਲੀਟਰ ਪਾਣੀ ਵਿਚ 4 ਦਿਨ ਤੱਕ ਭਿਗੋਓ। ਪੱਤੀਆਂ ਦਾ ਅਰਕ ਉਤਰਨ 'ਤੇ ਇਸ ਨੂੰ ਛਾਣ ਕੇ ਇਕ ਏਕੜ ਦੀ ਫ਼ਸਲ 'ਤੇ ਛਿੜਕਾਅ ਕਰੋ। ਇਸ ਨਾਲ ਕੀੜਿਆਂ ਦਾ ਨਿਯੰਤ੍ਰਣ ਹੁੰਦਾ ਹੈ।

7. **ਮੱਠਾ :** ਮੱਠਾ, ਲੱਸੀ, ਦਹੀ ਆਦਿ ਨਾਅ ਨਾਲ ਜਾਣਿਆ ਜਾਣ ਵਾਲਾ ਤੱਤ ਮਨੁੱਖ ਦੇ ਲਈ ਅਨੇਕ ਪ੍ਰਕਾਰ ਨਾਲ ਗੁਣਕਾਰੀ ਹੈ ਅਤੇ ਇਸ ਦਾ ਉਪਯੋਗ ਫ਼ਸਲਾਂ ਵਿਚ ਕੀਟ-ਵਿਆਧੀ ਦੇ ਇਲਾਜ ਦੇ ਲਈ ਲਾਭਦਾਇਕ ਹੈ। ਮਿਰਚੀ, ਟਮਾਟਰ ਆਦਿ ਜਿਨ੍ਹਾਂ ਫਸਲਾਂ ਵਿਚ ਚੁਰਾਮੁਰਰਾ ਜਾਂ ਕੁਕੜਾ ਰੋਗ ਆਉਂਦਾ ਹੈ, ਉਸ ਦੀ ਰੋਕਥਾਮ ਦੇ ਵਾਸਤੇ ਇਕ ਮਟਕੇ ਵਿਚ ਲੱਸੀ ਪਾ ਕੇ ਉਸ ਦਾ ਮੂੰਹ ਪਾਲੀਥੀਨ ਨਾਲ ਬੰਨ੍ਹ ਦਿਓ ਅਤੇ 30-45 ਦਿਨ ਤੱਕ ਉਸ ਨੂੰ ਮਿੱਟੀ ਵਿਚ ਗੱਡ ਦਿਓ। ਇਸ ਦੇ ਬਾਅਦ ਛਿੜਕਾਅ ਕਰਨ ਨਾਲ ਕੀਟ ਅਤੇ ਰੋਗਾਂ ਤੋਂ ਬਚਾਅ ਹੁੰਦਾ ਹੈ। 100-150 ਮਿ.ਲੀ. ਲੱਸੀ 15 ਲੀਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰਨ ਨਾਲ ਕੀਟ-ਵਿਆਧੀ ਦਾ ਨਿਯੰਤ੍ਰਣ ਹੁੰਦਾ ਹੈ। ਇਹ ਇਲਾਜ ਸਸਤਾ, ਆਸਾਨ, ਲਾਭਕਾਰੀ ਹੋਣ ਨਾਲ ਕਿਸਾਨਾਂ ਵਿਚ ਲੋਕਪ੍ਰਿਯ ਹੈ।

8. **ਮਿਰਚ/ਲਸਨ :** ਅੱਧਾ ਕਿਲੋ ਹਰੀ ਮਿਰਚ, ਅੱਧਾ ਕਿਲੋ ਲਸਨ ਪੀਸ ਕੇ ਚਟਨੀ ਬਣਾ ਕੇ ਪਾਣੀ ਵਿਚ ਘੋਲ ਬਣਾਓ। ਇਸ ਨੂੰ ਛਾਣ ਕੇ 100 ਲੀਟਰ ਪਾਣੀ ਵਿਚ ਘੋਲ ਕੇ ਫਸਲ 'ਤੇ ਛਿੜਕਾਅ ਕਰੋ। 100 ਗ੍ਰਾਮ ਸਾਬਨ ਪਾਊਡਰ ਵੀ ਮਿਲਾਓ, ਜਿਸ ਨਾਲ ਪੌਦਿਆਂ 'ਤੇ ਘੋਲ ਚਿਪਕ ਸਕੇ। ਇਸ ਦੇ ਛਿੜਕਾਅ ਕਰਨ ਨਾਲ ਕੀੜਿਆਂ ਦਾ ਨਿਯੰਤ੍ਰਣ ਹੁੰਦਾ ਹੈ।

9. **ਲੱਕੜੀ ਦੀ ਰਾਖ :** 1 ਕਿਲੋ ਸੁਆਹ ਵਿਚ 10 ਮਿ.ਲੀ. ਮਿੱਟੀ ਦਾ ਤੇਲ ਪਾ ਕੇ ਪਾਊਡਰ ਦਾ ਛਿੜਕਾਅ 25 ਕਿਲੋ ਪ੍ਰਤੀ ਹੈਕਟੇਅਰ ਦੀ ਦਰ ਨਾਲ ਕਰਨ 'ਤੇ ਐਫਿਡਸ ਅਤੇ ਪੰਪਕਿਨ ਬੀਟਲ ਦਾ ਨਿਯੰਤ੍ਰਣ ਹੋ ਜਾਂਦਾ ਹੈ।

10. **ਟ੍ਰਾਈਕੋਡਰਮਾ :** ਟ੍ਰਾਈਕੋਡਰਮਾ ਇਕ ਅਜਿਹਾ ਜੈਵਿਕ ਉੱਲੀਨਾਸ਼ਕ ਹੈ, ਜੋ ਪੌਦਿਆਂ ਵਿਚ ਜ਼ਮੀਨ ਅਤੇ ਬੀਜਜਨਿਤ ਬਿਮਾਰੀਆਂ ਨੂੰ ਨਿਯੰਤ੍ਰਿਤ ਕਰਦਾ ਹੈ। ਬੀਜਉਪਚਾਰ ਵਿਚ 5-6 ਗ੍ਰਾਮ ਪ੍ਰਤੀ ਕਿਲੋਗ੍ਰਾਮ ਬੀਜ ਦੀ ਦਰ ਨਾਲ ਉਪਯੋਗ ਕੀਤਾ ਜਾਂਦਾ ਹੈ। ਮ੍ਰਦਾ-ਉਪਚਾਰ ਵਿਚ 1 ਕਿਲੋਗ੍ਰਾਮ ਟ੍ਰਾਈਕੋਡਰਮਾ ਨੂੰ 100 ਕਿਲੋਗ੍ਰਾਮ ਚੰਗੀ ਸੜੀ ਹੋਈ ਖਾਦ ਵਿਚ ਮਿਲਾ ਕੇ ਆਖਰੀ ਬਖਰਨੀ ਦੇ ਸਮੇਂ ਪ੍ਰਯੋਗ ਕਰੋ। ਕਟਿੰਗ ਅਤੇ ਜੜ ਉਪਚਾਰ ਦੇ ਲਈ 200 ਗ੍ਰਾਮ ਟ੍ਰਾਈਕੋਡਰਮਾ ਨੂੰ 15-20 ਲੀਟਰ

ਪਾਣੀ ਵਿਚ ਮਿਲਾਓ ਅਤੇ ਇਸ ਘੋਲ ਵਿਚ 10 ਮਿੰਟ ਤੱਕ ਰੋਪਣ ਕਰਨ ਵਾਲੇ ਪੌਦਿਆਂ ਦੀਆਂ ਜੜ੍ਹਾਂ ਅਤੇ ਕਟਿੰਗ ਨੂੰ ਉਪਚਾਰਿਤ ਕਰੋ। 3 ਗ੍ਰਾਮ ਟ੍ਰਾਈਕੋਡਰਮਾ ਦਾ 1 ਲੀਟਰ ਪਾਣੀ ਵਿਚ ਘੋਲ ਬਣਾ ਕੇ 10-15 ਦਿਨ ਦੇ ਅੰਦਰ 'ਤੇ ਖੜ੍ਹੀ ਫ਼ਸਲ 'ਤੇ 3-4 ਵਾਰ ਛਿੜਕਾਅ ਕਰਨ ਨਾਲ ਵਾਯੂਜਨਿਤ ਰੋਗਾਂ ਦਾ ਨਿਯੰਤ੍ਰਣ ਹੁੰਦਾ ਹੈ।

### ਇੱਲੀ-ਨਿਯੰਤ੍ਰਣ

1. ਇਕ ਲੀਟਰ ਦੇਸੀ ਗਾਂ ਦੇ ਮੱਠੇ ਵਿਚ 5 ਕਿਲੋ ਨਿੰਮ ਦੇ ਪੱਤੇ ਪਾ ਕੇ 10 ਦਿਨ ਤੱਕ ਸੜਾਓ। ਬਾਅਦ ਵਿਚ ਨਿੰਮ ਦੀਆਂ ਪੱਤੀਆਂ ਨੂੰ ਨਿਚੋੜ ਲਓ। ਇਸ ਨਿੰਮਯੁਕਤ ਮਿਸ਼ਰਨ ਨੂੰ ਛਾਣ ਕੇ 150 ਲੀਟਰ ਪਾਣੀ ਵਿਚ ਘੋਲ ਬਣਾ ਕੇ ਪ੍ਰਤੀ ਏਕੜ ਦੀ ਦਰ ਨਾਲ ਸਮਾਨਰੂਪ ਨਹੜ ਫ਼ਸਲ 'ਤੇ ਛਿੜਕਾਅ ਕਰੋ। ਇਸ ਨਾਲ ਇੱਲੀ ਅਤੇ ਮਾਹੂ ਦਾ ਪ੍ਰਭਾਵੀ ਨਿਯੰਤ੍ਰਣ ਹੁੰਦਾ ਹੈ।
2. 5 ਲੀਟਰ ਮੱਠੇ ਵਿਚ 1 ਕਿਲੋ ਨਿੰਮ ਦੇ ਪੱਤੇ ਅਤੇ ਧਤੂਰੇ ਦੇ ਪੱਤੇ ਪਾ ਕੇ 10 ਦਿਨ ਸੜਣ ਦਿਓ। ਇਸ ਦੇ ਬਾਅਦ ਮਿਸ਼ਰਨ ਨੂੰ ਛਾਣ ਕੇ ਇੱਲੀਆਂ ਦਾ ਨਿਯੰਤ੍ਰਣ ਕਰੋ।
3. 5 ਕਿਲੋ ਨਿੰਮ ਦੇ ਪੱਤੇ 3 ਲੀਟਰ ਪਾਣੀ ਵਿਚ ਪਾ ਕੇ ਉਬਾਲ ਲਓ। ਜਦ ਅੱਧਾ ਰਹਿ ਜਾਵੇ, ਉਦੋਂ ਉਸ ਨੂੰ ਛਾਣ ਕੇ 150 ਲੀਟਰ ਪਾਣੀ ਵਿਚ ਘੋਲ ਤਿਆਰ ਕਰੋ। ਇਸ ਮਿਸ਼ਰਨ ਵਿਚ 2 ਲੀਟਰ ਗਊਮੂਤਰ ਮਿਲਾਓ। ਹੁਣ ਇਹ ਮਿਸ਼ਰਨ ਇਕ ਏਕੜ ਦੀ ਦਰ ਨਾਲ ਫਸਲ 'ਤੇ ਛਿੜਕੋ।
4. 1/2 ਕਿਲੋ ਹਰੀ ਮਿਰਚ ਅਤੇ ਲਸਨ ਪੀਸ ਕੇ 150 ਲੀਟਰ ਪਾਣੀ ਵਿਚ ਪਾ ਕੇ ਛਾਣ ਲਓ ਅਤੇ ਇਕ ਏਕੜ ਵਿਚ ਇਸ ਘੋਲ ਦਾ ਛਿੜਕਾਅ ਕਰੋ।
5. ਮਾਰੂਦਾਨਾ, ਤੁਲਸੀ (ਸ਼ਿਆਮਾ) ਅਤੇ ਗੇਂਦੇ ਦੇ ਪੌਦੇ ਫਸਲ ਦੇ ਵਿਚ ਲਗਾਉਣ ਨਾਲ ਇੱਲੀ ਦਾ ਨਿਯੰਤ੍ਰਣ ਹੁੰਦਾ ਹੈ।

ਟਿਨ ਦੀ ਬਣੀ ਚਕਰੀ ਖੇਤਾਂ ਵਿਚ ਲਗਾਉਣ ਨਾਲ ਵੀ ਇੱਲੀਆਂ ਡਿਗ ਜਾਂਦੀਆਂ ਹਨ।

### ਉਖਠਾ (ਡੰਪਿੰਗ ਆਫ-ਨਿਯੰਤ੍ਰਣ) :

1. ਇਕ ਲੀਟਰ ਮੱਠੇ ਵਿਚ ਚਨੇ ਦੇ ਆਕਾਰ ਦੇ 3 ਹਿੰਗ ਦੇ ਟੁਕੜੇ ਮਿਲਾ ਕੇ ਉਸ ਨਾਲ ਚਨੇ ਦਾ ਬੀਜਉਪਚਾਰ ਕਰਕੇ, ਬਾਅਦ ਵਿਚ ਬੀਜੋ। ਸੋਇਆਬੀਨ, ਉੜਦ, ਮੂੰਗ ਅਤੇ ਮਸਰ ਦੇ ਬੀਜਾਂ ਨੂੰ ਜ਼ਿਆਦਾ ਗਿੱਲਾ ਨਾ ਕਰੋ।
2. 400 ਗ੍ਰਾਮ ਨਿੰਮ ਦੇ ਤੇਲ ਵਿਚ 100 ਗ੍ਰਾਮ ਕੱਪੜੇ ਧੋਨਵਾਲਾ ਪਾਊਡਰ ਪਾ ਕੇ ਖ਼ੂਬ ਫੈਂਟੋਂ, ਫਿਰ ਇਸ ਮਿਸ਼ਰਨ ਵਿਚ 150 ਲੀਟਰ ਪਾਣੀ ਪਾ ਕੇ ਘੋਲ ਬਣਾਉ। ਇਹ ਇਕ ਏਕੜ ਦੇ ਲਈ ਕਾਫ਼ੀ ਹੈ।

### ਭੂਮੀ ਦਾ ਰਸਾਇਣਿਕ ਖੇਤੀ ਨਾਲ ਜੈਵਿਕ ਖੇਤੀ ਵਿਚ ਚਰਣਬੱਧ ਪਰਿਵਰਤਨ :

ਪਹਿਲੇ ਚਰਣ ਵਿਚ ਰਸਾਇਣਿਕ ਪਦਾਰਥਾਂ ਅਤੇ ਕੀਟਨਾਸ਼ਕਾਂ ਦਾ ਉਪਯੋਗ ਬੰਦ ਕੀਤਾ ਜਾਂਦਾ ਹੈ ਅਤੇ ਇਨ੍ਹਾਂ ਦੀ ਜਗ੍ਹਾ ਜੈਵ ਖਾਦਾਂ ਨੂੰ ਪਹਿਲ ਦਿੱਤੀ ਜਾਂਦੀ ਹੈ, ਦੂਸਰੇ ਅਤੇ ਤੀਸਰੇ ਚਰਣ ਨੂੰ ਵੀ ਇਸੇ ਲੜੀ ਵਿਚ ਪੂਰਾ ਕੀਤਾ ਜਾਂਦਾ ਹੈ। ਜੈਵਿਕ ਖੇਤੀ ਦੇ ਇਨ੍ਹਾਂ ਚਰਣਾਂ ਵਿਚ ਭੂਮੀ ਵਿਚ ਜ਼ਹਿਰੀਲੇ ਅਤੇ ਹਾਨੀਕਾਰਕ ਪਦਾਰਥਾਂ ਨੂੰ ਨਸ਼ਟ ਕਰਕੇ ਭੂਮੀ ਦੀ ਸਥਿਤੀ ਨੂੰ ਸੁਧਾਰਿਆ ਜਾਂਦਾ ਹੈ।

### ਜੈਵਿਕ ਖੇਤੀ ਵਿਚ ਬਹੁ-ਫਸਲ :

ਵਯਵਹਾਰਯ ਫਸਲ ਪੋਰਟ ਫੋਲੀਓ ਬਣਾਉਣ ਦੇ ਵਾਸਤੇ ਪ੍ਰਭਾਵ ਢੰਗ ਨਾਲ ਸਫ਼ਲ ਪਰਿਯੋਜਨਾਵਾਂ ਨੂੰ ਲਾਗੂ ਕਰਨਾ। ਜੈਵਿਕ ਖੇਤੀ ਵਿਚ ਮ੍ਰਦਾ ਦੇ ਉਪਜਾਊਪਨ ਨੂੰ ਬਣਾਏ ਰੱਖਣ ਦੇ ਲਈ ਬਹੁ ਫ਼ਸਲੀ ਪਰਿਯੋਜਨਾਵਾਂ ਨੂੰ ਪ੍ਰਭਾਵੀ ਢੰਗ ਨਾਲ ਲਾਗੂ ਕੀਤਾ ਜਾਂਦਾ ਹੈ, ਜਿਵੇਂ ਦਲਹਨ ਵਾਲੀਆਂ ਫ਼ਸਲਾਂ ਤੋਂ ਨਤ੍ਰਜਨ ਦਾ ਸਿਥਰੀਕਰਣ ਹੁੰਦਾ ਹੈ, ਜੋ ਕਿ ਹੋਰ ਫ਼ਸਲਾਂ ਨੂੰ ਵੀ ਫਾਇਦਾ ਪਹੁੰਚਾਉਂਦਾ ਹੈ। ਫਸਲ-ਚੱਕਰ ਵਿਚ ਮੁੱਖ ਫਸਲ ਦੇ ਨਾਲ ਅਤੇ ਗਰਮ ਰੁੱਤ ਵਿਚ ਹਰੀ ਖਾਦ ਵਾਲੀਆਂ ਫ਼ਸਲਾਂ ਵੀ ਲਗਾਈਆਂ ਜਾ ਸਕਦੀਆਂ ਹਨ, ਜਿਸ ਨਾਲ ਮ੍ਰਦਾ ਦੀ ਭੌਤਿਕ ਅਤੇ ਰਸਾਇਣਿਕ ਸੰਰਚਨਾ ਵਿਚ ਸੁਧਾਰ ਹੁੰਦਾ ਹੈ।

### ਮੌਸਮ ਆਧਾਰਿਤ ਫ਼ਸਲ-ਯੋਜਨਾ

ਜੈਵਿਕ ਖੇਤੀ ਵਿਚ ਫ਼ਸਲਾਂ 'ਤੇ ਮੌਸਮੀ ਤਣਾਅ ਦੇ ਕਾਰਣ ਫ਼ਸਲ-ਸਮਾਂ ਵਿਚ ਫ਼ਸਲ ਕਈ ਪ੍ਰਕਾਰ ਨਾਲ ਪ੍ਰਭਾਵਿਤ ਹੋਸਕਦੀ ਹੈ, ਜਿਵੇਂ ਤੇਜ਼ ਹਵਾ, ਮੁਸਲਾਧਾਰ ਮੀਂਹ, ਅਕਾਲ ਆਦਿ।

ਫ਼ਸਲ-ਚੱਕਰ ਦੇ ਲਈ ਉਪਯੁਕਤ ਫਸਲ ਦੀ ਚੋਣ ਉਸ ਸਥਾਨ ਦੀ ਜਲਵਾਯਵੀਯ ਹਾਲਾਤਾਂ ਅਤੇ ਜਮੀਨ ਦੇ ਪ੍ਰਕਾਰ ਦੇ ਆਧਾਰ 'ਤੇ ਕੀਤਾ ਜਾਂਦਾ ਹੈ। ਉਦਾਹਰਣ ਦੇ ਲਈ ਜਿਵੇਂ ਰਾਜਸਥਾਨ ਦੇ ਹਾਡੋਤੀ ਖੇਤਰ ਵਿਚ ਖਰੀਫ਼ ਮੌਸਮ ਵਿਚ ਸੋਇਆਬੀਨ/ਓਰਦ ਅਤੇ ਰਬੀ ਵਿਚ ਕਣਕ/ਜੌਂ/ਸਰ੍ਹੋਂ ਲਗਾਏ ਜਾਂਦੇ ਹਨ।

**ਸਾਲਾਨਾ ਯੋਜਨਾਂ, ਜੈਵਿਕ ਖੇਤੀ ਯੋਜਨਾ ਦੀ ਤਿਆਰੀ, ਫ਼ਸਲ ਕੈਲੰਡਰ ਦੀ ਤਿਆਰੀ :**

| ਮੌਸਮ | ਖਰੀਫ | ਪਤਝੜ | ਰਬੀ | ਬਸੰਤ | ਗਰਮ ਰੁੱਤ |
|---|---|---|---|---|---|
| ਮਹੀਨਾ | ਮਈ-ਜੂਨ | ਅਕਤੂਬਰ-ਫਰਵਰੀ | ਅਕਤੂਬਰ-ਨਵੰਬਰ | ਫਰਵਰੀ-ਅਪ੍ਰੈਲ | ਅਪ੍ਰੈਲ-ਜੂਨ |
| ਫ਼ਸਲਾਂ | ਧਾਨ, ਬਾਜਰਾ ਸੋਇਆਬੀਨ, ਉੜਦ, ਕਪਾਹ ਜਵਾਰ, ਮੂੰਗ ਸਬਜੀਆਂ। | ਗੰਨਾ | ਕਣਕ, ਜੌਂ ਸਰੋਂ, ਤਿਲ, ਲਸਨ, ਪਿਆਜ਼, ਧਾਨ ਸਬਜ਼ੀਆਂ, ਪੱਤਾਗੋਭੀ ਫੁਲਗੋਭੀ, ਬ੍ਰੋਕਲੀ, ਆਲੂ, ਟਮਾਟਰ, ਮਿਰਚ। | ਕੁਕੁਰਬਿਟੇਸੀ ਕੁਲ ਦੀ ਸਬਜ਼ੀਆ ਗੰਨਾ | ਗਹਿਰੀ ਪ੍ਰਜਾਤੀ ਮ੍ਰਦਾ ਸੋਰਕਰਣ- ਮੂੰਗ, ਉੜਦ, ਹਰੀ ਖਾਦ, ਢੈਂਚਾ, ਸਨਈ। |

***

# ਫ਼ਸਲ-ਚੱਕਰ (ਏਜੀਆਰ/N1201)

ਕਿਸੇ ਨਿਸਚਿਤ ਖੇਤਰ 'ਤੇ ਨਿਸਚਿਤ ਅਵਧੀ ਦੇ ਲਈ ਭੂਮੀ ਦੀ ਉਪਜਾਊਪਨ ਨੂੰ ਬਣਾਏ ਰੱਖਣ ਦੇ ਉਦੇਸ਼ ਨਾਲ ਫਸਲਾਂ ਨੂੰ ਅਦਲ-ਬਦਲ ਕੇ ਉਗਾਉਣ ਦੀ ਕ੍ਰਿਆ ਨੂੰ ਫ਼ਸਲ ਚੱਕਰ ਕਹਿੰਦੇ ਹਨ। ਇਸ ਦਾ ਉਦੇਸ਼ ਪੌਦਿਆਂ ਦੇ ਭੋਜਨ ਤੱਤਾਂ ਦਾ ਸਦਉਪਯੋਗ ਅਤੇ ਭੂਮੀ ਦੀ ਭੌਤਿਕ, ਰਸਾਇਣਿਕ ਅਤੇ ਜੈਵਿਕ ਦਸ਼ਾਵਾਂ ਵਿਚ ਸੰਤੁਲਨ ਸਥਾਪਿਤ ਕਰਨਾ ਹੈ।

**ਫਸਲ-ਚੱਕਰ ਦੇ ਲਾਭ :**

- ✶ ਭੂਮੀ ਦੇ ਪੀ.ਐਚ. ਅਤੇ ਕਸਾਰਯਤਾ ਵਿਚ ਸੁਧਾਰ ਹੁੰਦਾ ਹੈ।
- ✶ ਭੂਮੀ ਦੀ ਸੰਰਚਨਾ ਵਿਚ ਸੁਧਾਰ ਹੁੰਦਾ ਹੈ।
- ✶ ਮ੍ਰਦਾਕਸਰਣ ਦੀ ਰੋਕਥਾਮ ਹੁੰਦੀ ਹੈ।
- ✶ ਫ਼ਸਲਾਂ ਦਾ ਬਿਮਾਰੀਆਂ ਤੋਂ ਬਚਾਅ ਹੁੰਦਾ ਹੈ।
- ✶ ਕੀੜਿਆਂ ਦਾ ਨਿਯੰਤ੍ਰਣ ਹੁੰਦਾ ਹੈ।
- ✶ ਖਰਪਤਵਾਰਾਂ ਦੀ ਰੋਕਥਾਮ ਹੁੰਦੀ ਹੈ।
- ✶ ਸਾਲ ਭਰ ਆਮਨ ਪ੍ਰਾਪਤ ਹੁੰਦੀ ਰਹਿੰਦੀ ਹੈ।
- ✶ ਭੂਮੀ ਵਿਚ ਜ਼ਹਿਰੀਲੇ ਪਦਾਰਥ ਇਕੱਠੇ ਨਹੀਂ ਹੁੰਦੇ ਹਨ।
- ✶ ਉਪਜਾਊ-ਰਹਿੰਦ-ਖੂੰਹਦ ਦਾ ਪੂਰਨ ਉਪਯੋਗ ਹੋ ਜਾਂਦਾ ਹੈ।
- ✶ ਸੀਮਿਤ ਸਿੰਚਾਈ ਸੁਵਿਧਾ ਦਾ ਸਮੁਚਿਤ ਉਪਯੋਗ ਹੋ ਜਾਂਦਾ ਹੈ।




ਦਲਹਨ-ਖਾਦਾਨ ਅਤੇ ਖਾਦਯਾਨ-ਦਲਹਨ ਫ਼ਸਲ-ਚੱਕਰ ਮਿੱਟੀ ਵਿਚ ਜੀਵਾਣੂਆਂ ਦੀ ਸੰਖਿਆ ਨੂੰ ਵਧਾਉਂਦਾ ਹੈ। ਫ਼ਸਲ-ਚੱਕਰ ਵਿਚ ਦਲਹਨੀ ਫ਼ਸਲ ਅਪਨਾਉਣ ਨਾਲ ਨਾਈਟ੍ਰੋਜਨ ਖਾਦ ਦੀ ਬਚਤ ਹੁੰਦੀ ਹੈ, ਕਿਉਂਕਿ ਇਸ ਦੀਆਂ ਜੜ੍ਹਾਂ ਵਿਚ ਗੱਠਾਂ ਹੁੰਦੀਆਂ ਹਨ, ਜੋ ਵਾਤਾਵਰਨ ਤੋਂ ਨਾਈਟ੍ਰੋਜਨ ਸੋਖ ਕੇ ਫ਼ਸਲਾਂ ਨੂੰ ਦਿੰਦੀਆਂ ਹਨ।

**ਮਿਸਰਿਤ ਖੇਤੀ :**

ਇਕ ਹੀ ਖੇਤ ਵਿਚ, ਇਕੱਠਿਆ ਦੋ ਜਾਂ ਦੋ ਤੋਂ ਜ਼ਿਆਦਾ ਫ਼ਸਲਾਂ ਨੂੰ ਉਗਾਣਾ ਹੀ ਮਿਸਰਿਤ ਖੇਤੀ ਕਹਾਉਂਦਾ ਹੈ, ਜਿਵੇਂ ਕਿ ਕਣਕ ਅਤੇ ਮਟਰ ਜਾਂ ਕਣਕ ਅਤੇ ਸਰੋਂ ਜਾਂ ਮੂੰਗਫਲੀ ਅਤੇ ਸੂਰਜਮੁਖੀ ਮਿਸਰਿਤ ਖੇਤੀ। ਇਸ ਲੜੀ ਵਿਚ ਬੀਜ਼ ਮਿਲਾ ਕੇ ਖੇਤ ਵਿਚ ਛਿੜਕਦੇ ਹਨ ਜਾਂ ਅਲੱਗ ਅਲੱਗ ਪੰਕਤੀਆਂ ਵਿਚ ਬੀਜਦੇ ਹਨ, ਕਿਉਂਕਿ ਇਨ੍ਹਾਂ ਦੇ ਪੱਕਣ ਅਤੇ ਕੱਟਣ ਦਾ ਸਮਾਂ ਅਲੱਗ-ਅਲੱਗ ਹੁੰਦਾ ਹੈ। ਜਦ ਫਸਲਾਂ ਦੇ ਉਤਪਾਦਨ ਦੇ ਨਾਲ-ਨਾਲ ਪਸ਼ੂ ਪਾਲਣ ਵੀ ਕੀਤਾ ਜਾਂਦਾ ਹੈ, ਤਾਂ ਇਸ ਨੂੰ ਮਿਸ਼ਰਿਤ ਖੇਤੀ ਜਾਂ ਮਿਸਰਿਤ ਖੇਤੀ ਕਹਿੰਦੇ ਹਨ ਜਾਂ ਫਸਲੋਤਪਾਦਨ ਦੇ ਨਾਲ-ਨਾਲ ਜਦ ਪਸ਼ੂ ਪਾਲਣ ਵੀ ਆਮਦਨ ਦਾ ਸਰੋਤ ਹੋਵੇ ਤਾਂ ਅਜਿਹੀ ਖੇਤੀ ਨੂੰ ਮਿਸਰਿਤ ਖੇਤੀ ਕਹਿੰਦੇ ਹਨ। ਮਿਸ਼ਰਤ ਖੇਤੀ ਤੋਂ ਮਤਲਬ ਇਕੱਠਿਆ ਖੇਤ ਵਿਚ ਕਈਂ ਫਸਲਾਂ ਉਗਾਉਣਾ ਹੈ।



**ਮਿਸਰਿਤ ਖੇਤੀ ਦੇ ਲਾਭ :**

- ✶ ਮਿਸਰਿਤ ਖੇਤੀ ਨਾਲ ਸਾਲ ਭਰ ਖਾਦ ਸੁਰੱਖਿਆ ਬਣੀ ਰਹਿੰਦੀ ਹੈ।
- ✶ ਘੱਟ ਬਾਰਿਸ਼, ਜ਼ਿਆਦਾ ਬਾਰਿਸ਼, ਸੋਕਾ ਅਤੇ ਘੱਟ ਪਾਣੀ ਦੀ ਸਥਿਤੀ ਵਿਚ ਇਹ ਖੇਤੀ ਉਪਯੁਕਤ ਹੈ।
- ✶ ਮਿਸ਼ਰਿਤ ਖੇਤੀ ਅਪਣਾ ਕੇ ਕਿਸਾਨ ਪ੍ਰਤੀ ਇਕਾਈ ਭੂਮੀ ਤੋਂ ਜ਼ਿਆਦਾ ਉਤਪਾਦਨ ਲੈ ਸਕਦੇ ਹਨ।
- ✶ ਇਸ ਨੂੰ ਅਪਨਾਉਣ ਨਾਲ ਜ਼ਿਆਦਾ ਆਮਦਨੀ ਦੇ ਨਾਲ-ਨਾਲ ਭੂਮੀ ਦੀ ਉਪਜਾਊ ਸ਼ਕਤੀ ਵੀ ਬਰਕਰਾਰ ਰਹਿੰਦੀ ਹੈ, ਨਾਲ ਦੀ ਨਾਲ ਰੋਗ ਵਿਆਧੀਆਂ ਦਾ ਪ੍ਰਕੋਪ ਵੀ ਘੱਟ ਹੋ ਜਾਂਦਾ ਹੈ।
- ✶ ਜੇਕਰ ਕੋਈ ਫਸਲ ਮੌਸਮ ਦੀ ਅਸਮਾਨਤਾ ਦੇ ਕਾਰਣ ਨਸ਼ਟ ਹੋ ਜਾਵੇ, ਤਦ ਵੀ ਦੂਸਰੀ ਜਾਂ ਤੀਸਰੀ ਫ਼ਸਲ ਬਚ ਸਕਦੀ ਹੈ ਅਤੇ ਇਸ ਪ੍ਰਕਾਰ ਉਸ ਖੇਤ ਤੋਂ ਲਾਭ ਪ੍ਰਾਪਤ ਕੀਤਾ ਜਾ ਸਕਦਾ ਹੈ। ਨਾਲ ਹੀ ਨਾਲ ਰੋਗ ਵਿਆਧੀਆਂ ਦਾ ਪ੍ਰਕੋਪ ਵੀ ਘੱਟ ਹੋ ਜਾਂਦਾ ਹੈ।



**ਜਾਲ ਫਸਲ ਦੇ ਲਾਭ :**

- ✶ ਕਿਸਾਨਾਂ ਨੂੰ ਮਿਹਨਤ ਅਤੇ ਲਾਗਤ ਵਿਚ ਬਚਤ ਹੁੰਦੀ ਹੈ।
- ✶ ਮੁੱਖ ਫ਼ਸਲ ਵਿਚ ਕੀਟ ਅਤੇ ਬਿਮਾਰੀਆਂ ਦਾ ਹਮਲਾ ਨਹੀਂ ਹੁੰਦਾ ਹੈ।
- ✶ ਕਿਸਾਨਾਂ ਨੂੰ ਜ਼ਿਆਦਾ ਆਮਦਨ ਪ੍ਰਾਪਤ ਹੁੰਦੀ ਹੈ।
- ✶ ਮੁੱਖ ਫ਼ਸਲ ਦੇ ਉਤਪਾਦਨ ਵਿਚ ਵਾਧਾ ਹੁੰਦਾ ਹੈ।
- ✶ ਕੀਟਨਾਸ਼ਕ ਅਤੇ ਉੱਲੀਨਾਸ਼ਕ ਦਵਾਈਆਂ ਵਿਚ ਲੱਗਣ ਵਾਲੀ ਲਾਗਤ ਘੱਟ ਹੋ ਜਾਂਦੀ ਹੈ।
- ✶ ਕਿਸਾਨਾਂ ਦੀ ਜੋਖਮ ਤਾਕਤ ਘੱਟ ਹੋ ਜਾਂਦੀ ਹੈ।
- ✶ ਮ੍ਰਦਾ ਦੀ ਉਪਜਾਊਪਨ ਵਿਚ ਵਾਧਾ ਹੁੰਦਾ ਹੈ।
- ✶ ਮੁੱਖ ਫ਼ਸਲ ਅਤੇ ਜਾਲ ਫ਼ਸਲ ਨਾਲ ਕਿਸਾਨ ਦੇ ਸ਼ੁੱਧ ਲਾਭ ਵਿਚ ਵਾਧਾ ਹੁੰਦਾ ਹੈ।
- ✶ ਨਾਲ ਹੀ ਨਾਲ ਰੋਗ ਵਿਧਾਧੀਆਂ ਦਾ ਪ੍ਰਕੋਪ ਵੀ ਘੱਟ ਹੋ ਜਾਂਦਾ ਹੈ।

**ਜਾਲ/ਫੰਦਾ ਫ਼ਸਲ :**

ਜਾਲ ਫ਼ਸਲ ਮੁੱਖ ਫ਼ਸਲ ਨੂੰ ਕੀੜਿਆਂ ਅਤੇ ਬਿਮਾਰੀਆਂ ਤੋਂ ਬਚਾਉਂਦੀ ਹੈ। ਇਹ ਕੀੜਿਆਂ ਨੂੰ ਆਕਰਸ਼ਿਤ ਕਰਦੀ ਹੈ, ਜਿਵੇਂ ਕਪਾਹ ਦੀ ਫ਼ਸਲ ਦੇ ਨਾਲ ਭਿੰਡੀ ਦੀ ਬੁਆਈ ਕਰਨਾ, ਜਿਸ ਲਾਲ ਕੀੜੇ ਭਿੰਡੀ ਦੀ ਫ਼ਸਲ 'ਤੇ ਹਮਲਾ ਕਰਦੇ ਹਨ, ਟਮਾਟਰ ਦੀ ਫ਼ਸਲ ਵਿਚ ਗੇਂਦੇ ਦੀ ਫ਼ਸਲ ਕੀੜ੍ਹਿਆਂ ਨੂੰ ਆਕਰਸ਼ਿਤ ਕਰਦੀ ਹੈ ਆਦਿ।

**ਰਿਲੇ ਕ੍ਰਾਪਿੰਗ :**

ਇਸ ਵਿਚ ਪੁਰਵਵਰਤੀ ਫ਼ਸਲ ਦੇ ਕੱਟਣ ਤੋਂ ਪਹਿਲਾਂ ਹੀ ਅਗਲੀ ਫ਼ਸਲ ਨੂੰ ਲਗਾ ਦਿੱਤਾ ਜਾਂਦਾ ਹੈ ਉਦਾਹਰਣ-ਧਾਨ ਦੇ ਖੇਤ ਵਿਚ ਧਾਨ ਪੱਕਣ ਤੋਂ ਪਹਿਲੇ ਅਲਸੀ ਦੀ ਬੁਆਈ ਕਰਨਾ, ਅਦਰਕ ਦੇ ਖੇਤ ਵਿਚ ਖੇਤੀ ਦੀ ਬੁਆਈ ਕਰਨਾ ਆਦਿ।

**ਰਿਲੇ ਕ੍ਰਾਪਿੰਗ ਦੇ ਲਾਭ**

- ✶ ਇਕ ਹੀ ਸਮੇਂ ਵਿਚ 3-4 ਫ਼ਸਲਾਂ ਲੈ ਸਕਦੇ ਹੋ।
- ✶ ਮਿਹਨਤ ਅਤੇ ਲਾਗਤ ਵਿਚ ਬਚਤ ਹੁੰਦੀ ਹੈ।
- ✶ ਖਾਦ ਅਤੇ ਪਾਣੀ ਦੀ ਬਚਤ ਹੁੰਦੀ ਹੈ।
- ✶ ਕਿਸਾਨਾਂ ਨੂੰ ਜ਼ਿਆਦਾ ਆਮਦਨ ਪ੍ਰਾਪਤ ਹੁੰਦੀ ਹੈ।
- ✶ ਇਕ ਫ਼ਸਲ ਨਾਲ ਦੂਸਰੀ ਫ਼ਸਲ ਦੇ ਪੋਸ਼ਕ ਤੱਤਾਂ ਦੀ ਪੂਰਤੀ ਹੁੰਦੀ ਹੈ।
- ✶ ਮ੍ਰਦਾਕਰਸਰਣ ਦੀ ਰੋਕਥਾਮ ਹੁੰਦੀ ਹੈ।
- ✶ ਨਾਲ ਹੀ ਨਾਲ ਰੋਗ ਵਿਆਧੀਆਂ ਦਾ ਪ੍ਰਕੋਪ ਵੀ ਘੱਟ ਹੋ ਜਾਂਦਾ ਹੈ।



✱ ✱ ✱

# ਜੈਵਿਕ ਖੇਤੀ ਦੇ ਲਈ ਬੀਜ ਦੀ ਚੋਣ ਅਤੇ ਬੀਜੋਪਚਾਰ (ਏਜੀਆਰ/N1202

**ਬੀਜ ਦੀ ਚੋਣ :**



* ਜੈਵਿਕ ਖੇਤੀ ਵਿਚ ਚੁਣ ਸਾਰੇ ਬੀਜ ਇਕ ਸਮਾਨ ਆਕਾਰ ਦੇ, ਗੈਰ-ਅਨੁਵਾਂਸ਼ਿਕ ਸੰਸੋਧਿਤ ਹੋਣੇ ਚਾਹੀਦੇ, ਸਾਰੇ ਪ੍ਰਕਾਰ ਦੇ ਸੰਕ੍ਰਮਣ ਤੋਂ ਰਹਿਤ ਹੋਣੇ ਚਾਹੀਦੇ।
* ਬੀਜ (ਕਿਸਮ) ਦੀ ਚੋਣ ਕਰਦੇ ਸਮੇਂ ਇਹ ਧਿਆਨ ਰੱਖੋ ਕਿ ਬੀਜ ਉਸ ਖੇਤਰ ਦੀ ਜਲਵਾਯੂ ਦੇ ਹਾਲਾਤਾਂ, ਖੇਤਰੀ ਕੀੜਿਆਂ ਅਤੇ ਬਿਮਾਰੀਆਂ ਦੇ ਲਈ ਪ੍ਰਤੀਰੋਧਕ ਹੋਵੇ।



**ਜੈਵਿਕ ਬੀਜੋਪਚਾਰ :**

* ਜੈਵਿਕ ਬੀਜ ਉਪਚਾਰ ਕਰਨ ਦੇ ਲਈ ਹੇਠਲੀਆਂ ਚੀਜ਼ਾਂ ਚਾਹੀਦੀਆਂ- ਬਾਇਓ-ਉਤਪਾਦ, ਬਾਇਓ-ਫਰਟੀਲਾਈਜਰ, ਬਾਇਓ-ਪੇਸਿਟਸਾਈਡ ਜਿਵੇਂ-ਅਜ਼ੋਟੋਬੈਕਟਰ, ਰਾਈਜ਼ੋਬਿਯਮ ਕਲਚਰ, ਸਯੁਡੋਮੋਨਾਸ ਆਦਿ।
* ਖੇਤ 'ਤੇ ਤਿਆਰ ਕੀਤੇ ਗਏ ਫਸਲ-ਸਾਭ ਸੰਭਾਲ ਦੇ ਉਤਪਾਦ ਜਿਵੇਂ-ਬੀਜਮ੍ਰਤ ਆਦਿ।



**ਜੈਵਿਕ ਖੇਤੀ ਵਿਚ ਫ਼ਸਲ ਬੁਆਈ ਅਤੇ ਪ੍ਰਤੀਰੋਪਣ ਦੀਆਂ ਵਿਧੀਆਂ :**

* ਗਰਮ ਰੁੱਤ ਵਿਚ ਖੇਤ ਦੀ ਗਹਿਰੀ ਜੁਤਾਈ ਕਰਨੀ ਚਾਹੀਦੀ, ਜਿਸ ਨਾਲ ਕਿ ਫਸਲ ਦੀ ਬਿਮਾਰੀਆਂ ਦੇ ਰੋਗਵਾਹਕ ਕੀੜਿਆਂ ਦਾ ਲਾਰਵਾ ਆਦਿ ਨਸ਼ਟ ਹੋ ਜਾਣ।
* ਫਸਲਾਂ ਦੀ ਬੁਆਈ ਦੇ ਸਮੇਂ ਕਤਾਰ ਤੋਂ ਕਤਾਰ ਅਤੇ ਪੌਦੇ ਤੋਂ ਪੌਦੇ ਦੀ ਦੂਰੀ ਇਕ ਬਰਾਬਰ ਹੋਣੀ ਚਾਹੀਦੀ।
* ਜੜ੍ਹ ਵਾਲੀਆਂ ਫਸਲਾਂ ਨੂੰ ਵਾੜ ਤੇ ਲਗਾਉਣਾ ਚਾਹੀਦਾ।
* ਪ੍ਰਮਾਣਿਕ ਜੈਵਿਕ ਬੀਜ ਖਰੀਦ ਦੇ ਲਈ ਵਿਕ੍ਰੇਤਾਵਾਂ ਦੀ ਪਹਿਚਾਣ ਕਰੋ।
* ਜੇਕਰ ਬੀਜ ਫਾਰਮ 'ਤੇ ਉਪਲਬਧ ਨਹੀਂ ਹੈ, ਤਾਂ ਅਧਿਕਾਰਤ ਜੈਵਿਕ ਬੀਜ ਵਿਕ੍ਰਤਾ ਦੀ ਪਹਿਚਾਣ ਕਰਕੇ ਹੀ ਪ੍ਰਮਾਣਿਤ ਬੀਜ ਖਰੀਦੋ।




**ਸਵੀਕਾਰ ਰਸਾਇਣਿਕ ਵਿਕਲਪ, ਉਨ੍ਹਾਂ ਦੀ ਖਰੀਦ ਅਤੇ ਉਪਯੋਗ :**

* ਬਾਇਓਫਰਟੀਲਾਈਜਰ ਯਥਾ-ਟ੍ਰਾਈਕੋਡਰਮਾ, ਸਯੁਡੋਮੋਨਾਸ, ਬੀਜਾਮ੍ਰਤ, ਦਸ਼ਾਮ੍ਰਤ, ਪੰਚਗਵਯ ਆਦਿ ਦਾ ਪ੍ਰਯੋਗ ਕੀਤਾ ਜਾਂਦਾ ਹੈ।
* ਸਵੀਕਾਰ ਰਸਾਇਣਿਕ ਵਿਕਲਪ ਜਿਵੇਂ ਪੌਦੇ ਦੀ ਜੜ੍ਹ ਤੋਂ ਪ੍ਰਾਪਤ ਰਸਾਇਣ ਆਦਿ।

**ਭੂਮੀ ਤਿਆਰ ਕਰਨ ਤੋਂ ਲੈ ਕੇ ਕਟਾਈ ਤੱਕ ਸ਼ੁਰੂ ਹੋਣ ਵਾਲੀ ਨਰਸਰੀ ਅਤੇ ਫੀਲਡ ਪ੍ਰਕ੍ਰਿਆਵਾਂ ਦੀ ਯੋਜਨਾ ਅਤੇ ਆਯੋਜਨ:**

ਜੈਵਿਕ ਖੇਤੀ ਵਿਚ ਜ਼ਮੀਨ ਦੀ ਤਿਆਰੀ, ਨਰਸਰੀ ਵਿਚ ਬੀਜਾਂ ਦੀ ਬੁਆਈ ਅਤੇ ਹੋਰ ਕਰਸ਼ਣ-ਕ੍ਰਿਆਵਾਂ ਦਾ ਕੰਮ ਸਮੇਂ 'ਤੇ ਕ੍ਰਿਆਨਵਿਤ ਕੀਤਾ ਜਾਣਾ ਚਾਹੀਦਾ। ਇਸ ਵਿਚ ਇਹ ਧਿਆਨ ਰੱਖਣਾ ਚਾਹੀਦਾ ਕਿ ਖੇਤ ਦੀ ਤਿਆਰੀ ਤੋਂ ਲੈ ਕੇ ਫਸਲ ਦੀ ਕਟਾਈ ਤੱਕ ਫਸਲ ਕਿਸੇ ਵੀ ਤਰ੍ਹਾਂ ਸੰਕ੍ਰਮਿਤ ਨਾ ਹੋ।



# ਪੋਸ਼ਕ ਤੱਤਾਂ ਦਾ ਪ੍ਰਬੰਧਨ (ਏਜੀਆਰ/N1203)

**ਜੈਵਿਕ ਖੇਤੀ ਦੇ ਅਧੀਨ ਮਿੱਟੀ ਦੇ ਪੋਸ਼ਕ ਤੱਤਾਂ ਦਾ ਪ੍ਰਬੰਧਨ :**

ਜ਼ਮੀਨ-ਉਪਜਾਊਪਨ ਤੋਂ ਭਾਵ ਉਸ ਦੀ ਉਸ ਤਾਕਤ ਤੋਂ ਹੈ, ਜੋ ਪੌਦਿਆਂ ਦੇ ਵਾਧੇ ਅਤੇ ਵਿਕਾਸ ਦੇ ਲਈ ਸਾਰੇ ਜ਼ਰੂਰੀ ਪੋਸ਼ਕ ਤੱਤਾਂ ਨੂੰ ਸੰਤੁਲਿਤ ਮਾਤਰਾ ਵਿਚ ਉਪਲਬਧ ਅਵਸਥਾ ਵਿਚ ਆਪੂਰਤੀ ਕਰ ਸਕੇ, ਨਾਲ ਹੀ ਮ੍ਰਦਾ ਕਿਸੇ ਦੁਸ਼ਪ੍ਰਭਾਵ ਜਾਂ ਜ਼ਹਿਰੀਲੇ ਪ੍ਰਭਾਵ ਤੋਂ ਪੂਰਨਤਾ ਮੁਕਤ ਹੋਵੇ।

**ਮ੍ਰਦਾ-ਉਰਵਰਤਾ ਸਾਧਾਰਨਤਾ :** ਮਿੱਟੀ ਦੇ ਭੌਤਿਕ, ਰਸਾਇਣਿਕ ਅਤੇ ਜੈਵਿਕ ਗੁਣਾਂ 'ਤੇ ਨਿਰਭਰ ਕਰਦੀ ਹੈ।

**ਮ੍ਰਦਾ-ਪ੍ਰੀਖਣ :**

ਸੰਤੁਲਿਤ ਖਾਦਾਂ ਦੇ ਪ੍ਰਯੋਗ ਦਾ ਆਧਾਰ ਮਿੱਟੀ ਦਾ ਪ੍ਰੀਖਣ ਹੀ ਹੈ। ਖਾਦਾਂ ਦੀ ਉਚਿਤ ਮਾਤਰਾ ਦਾ ਉਚਿਤ ਸਮੇਂ 'ਤੇ ਉਚਿਤ ਵਿਧੀ ਦੇ ਰਾਹੀਂ ਪ੍ਰਯੋਗ ਕਰਦੇ ਹੋਏ ਜ਼ਿਆਦਾ ਉਪਜ ਪ੍ਰਾਪਤ ਕੀਤੀ ਜਾ ਸਕੇ, ਇਹ ਮਿੱਟੀ ਦੀ ਜਾਂਚ ਦਾ ਉਦੇਸ਼ ਹੈ।

**ਜ਼ਮੀਨ ਦਾ ਨਮੂਨਾ ਲੈਣ ਦਾ ਸਹੀ ਸਮਾਂ :**

ਹਰੇਕ ਫਸਲ ਦੀ ਬੁਆਈ/ਰੋਪਾਈ ਤੋਂ ਪਹਿਲਾ ਸੁਕੇ ਖੇਤ ਵਿਚ ਜ਼ਮੀਨ ਦਾ ਨਮੂਨਾ ਲਿਆ ਜਾਣਾ ਚਾਹੀਦਾ।

**ਜ਼ਮੀਨ-ਨਮੂਨਾ ਲੈਣ ਦੀ ਵਿਧੀ :**



- ਜਿਸ ਖੇਤ ਤੋਂ ਨਮੂਨਾ ਲੈਣਾ ਹੋਵੇ, ਉਸ ਵਿਚ ਜਿਗ-ਜੈਗ ਪ੍ਰਕਾਰ ਨਾਲ ਘੁੰਮ ਕੇ 10-15 ਸਥਾਨਾਂ 'ਤੇ ਨਿਸ਼ਾਨ ਲਗਾ ਲਓ, ਜਿਸ ਨਾਲ ਖੇਤ ਦੇ ਸਾਰੇ ਹਿੱਸੇ ਉਸ ਵਿਚ ਸ਼ਾਮਿਲ ਹੋ ਜਾਣ।
- ਘੁੰਮੇ ਹੋਏ ਸਥਾਨਾਂ 'ਤੇ ਉਪਰੀ ਸਤਹ ਤੇ ਘਾਹ-ਫੂਸ ਕੂੜਾ ਕਰਕਟ ਆਦਿ ਹਟਾ ਦਿਓ।
- ਇਨ੍ਹਾਂ ਸਾਰੇ ਸਥਾਨਾਂ 'ਤੇ 15 ਸੈਂਮੀ. (6 ਇੰਚ) ਗਹਿਰਾ (V) ਦੇ ਆਕਾਰ ਦਾ ਟੋਆ ਪੁੱਟੋ।

  ਟੋਏ ਨੂੰ ਸਾਫ਼ ਕਰਕੇ ਖੁਰਪੀ ਨਾਲ



- ਇਕ ਪਾਸਿਓਂ ਉਪਰ ਤੋਂ ਥੱਲੇ ਤੱਕ 2-3 ਸੈਂਮੀ. ਮਿੱਟੀ ਦੀ ਤਹਿ ਨੂੰ ਕੱਢ ਲਓ ਅਤੇ ਸਾਫ ਬਾਲਟੀ ਵਿਚ ਪਾ ਲਓ।
- ਇਕੱਠੀ ਕੀਤੀ ਗਈ ਪੂਰੀ ਮਿੱਟੀ ਨੂੰ ਹੱਥ ਨਾਲ ਚੰਗੀ ਤਰ੍ਹਾਂ ਮਿਲਾ ਲਓ ਅਤੇ ਸਾਫ ਕੱਪੜੇ 'ਤੇ ਪਾ ਕੇ ਗੋਲ ਢੇਰ ਬਣਾ ਲਓ। ਹੁਣ ਉਂਗਲੀ ਨਾਲ ਢੇਰ ਨੂੰ ਚਾਰ ਬਰਾਬਰ ਭਾਗਾਂ ਵਿਚ ਕੱਟ ਦਿਓ ਅਤੇ ਆਹਮਣੇ-ਸਾਹਮਣੇ ਦੇ ਦੋ ਭਾਗਾਂ ਦੀ ਮਿੱਟੀ



- ਵਾਪਸ ਚੰਗੀ ਤਰ੍ਹਾਂ ਨਾਲ ਮਿਲਾ ਲਓ। ਇਹ ਪ੍ਰਕ੍ਰਿਆ ਉਦੋਂ ਤੱਕ ਦੁਹਰਾਓ ਜਦੋਂ ਤੱਕ ਲਗਭਗ ਅੱਧਾ ਕਿਲੋ ਮਿੱਟੀ ਬਾਕੀ ਰਹਿ ਜਾਵੇ। ਇਹ ਪ੍ਰਤੀਨਿਧੀ ਨਮੂਨਾ ਹੋਵੇਗਾ।
- ਸੁੱਕੀ ਮਿੱਟੀ ਦੇ ਨਮੂਨੇ ਨੂੰ ਸਾਫ ਕੱਪੜੇ ਦੀ ਥੈਲੀ ਵਿਚ ਪਾ ਦਿਓ ਅਤੇ ਨਮੂਨੇ ਦੇ ਨਾਲ ਇਕ ਸੂਚਨਾ ਪੱਤ੍ਰਕ, ਜਿਸ 'ਤੇ ਸਾਰੀ
- ਜਾਣਕਾਰੀ ਲਿਖੀ ਹੋਵੇ- ਕੱਪੜੇ ਦੀ ਥੈਲੀ ਵਿਚ ਅੰਦਰ ਅਤੇ ਬਾਹਰ ਬੰਨ੍ਹ ਦਿਓ।
- ਤਿਆਰ ਨਮੂਨਿਆਂ ਨੂੰ ਮਿੱਟੀ ਦੇ ਪ੍ਰੀਖਣ-ਵਾਸਤੇ ਪ੍ਰਯੋਗਸਾਲਾ ਵਿਚ ਭੇਜੋ। ਕਿਸਾਨ ਹੇਠਲੀ ਜਾਣਕਾਰੀ ਲਿਖਿਆ ਹੋਇਆ ਸੂਚਨਾ ਪੱਤਰ ਨਮੂਨਿਆਂ ਦੇ ਨਾਲ ਰੱਖੋ ਅਤੇ ਉਪਰ ਬੰਨੋ। 1. ਕਿਸਾਨ ਦਾ ਨਾਮ 2. ਪਿਤਾ ਦਾ ਨਾਮ 3. ਪਿੰਡ/ਵਿਕਾਸਖੰਡ/ਤਹਿਸੀਲ 4. ਖੇਤ ਦਾ ਖਸਰਾ ਨੰ./ਪਹਿਚਾਣ 5. ਜ਼ਿਲ੍ਹਾ 6. ਸਿੰਚਿਤ/ਅਸਿੰਚਿਤ 7. ਪਹਿਲਾਂ ਲਈ ਗਈ ਫਸਲ 8. ਪਹਿਲੇ ਫਸਲ ਵਿਚ ਦਿੱਤੀ ਗਈ ਉਰਵਰਕ ਦੀ ਕਿਸਮ ਅਤੇ ਮਾਤਰਾ 9. ਮਿੱਟੀ- ਸਬੰਧੀ ਹੋਰ ਸਮੱਸਿਆ।

**ਮਿੱਟੀ ਦਾ ਨਮੂਨਾ ਲੈਂਦੇ ਸਮੇਂ ਸਾਵਧਾਨੀਆਂ :**

- ਸੋਂਢ ਕਮੇਂਡ ਦੇ ਨਜ਼ਦੀਕ ਅਤੇ ਦਰੱਖਤਾਂ ਦੇ ਕੋਲੋਂ ਨਮੂਨਾ ਨਾ ਲਓ।
- ਜਿਥੇ ਪਾਣੀ ਜ਼ਿਆਦਾਤਰ ਭਰਿਆ ਰਹਿੰਦਾ ਹੋਵੇ, ਉਥੋਂ ਨਮੂਨਾ ਨਾ ਲਓ।
- ਨਮੂਨਾ ਸੁੱਕੇ ਖੇਤ ਵਿਚੋਂ ਲਓ।
- ਜਿਥੇ ਗੋਬਰ ਜਾਂ ਹੋਰ ਖਾਦ ਆਦਿ ਪਾਈ ਗਈ ਹੋਵੇ, ਉਥੋਂ ਨਮੂਨਾ ਨਾ ਲਓ।

**ਮਿੱਟੀ ਦੀ ਉਪਰੀ ਸਤਹ ਵਿਚ ਸਕ੍ਰਿਯਣ ਮਾਇਕ੍ਰੋਬਿਅਲ ਗਤੀਵਿਧੀ ਵਧਾਉਣ ਦੇ ਅਨੇਕ ਤਰੀਕੇ :**

- ਹਰੀ ਖਾਦ ਅਤੇ ਜ਼ਿਆਦਾ ਗੋਬਰ ਦੀ ਖਾਦ (ਐਫ.ਵਾਈ.ਐਮ.) ਨਾਲ ਕਾਰਬਨਿਕ ਪਦਾਰਥ ਵਿਚ ਸੁਧਾਰ ਹੋਵੇਗਾ ਅਤੇ ਮਿੱਟੀ ਵਿਚ ਸੂਖਮਜੀਵਾਂ ਦੀ ਗਤੀਵਿਧੀ ਵਿਚ ਵਾਧਾ ਹੋਵੇਗਾ।
- ਮਿੱਟੀ ਵਿਚ ਸੂਖਮ ਜੀਵਾਣੂਆਂ ਨੂੰ ਮਿਲਾਓ ਜਿਵੇਂ ਪੀ.ਐਸ.ਬੀ., ਪੀ.ਐਮ.ਬੀ., ਜੈਡ.ਐਸ.ਬੀ., ਟ੍ਰਾਈਕੋਡਰਮਾ, ਸਯੁਡੋਮੋਨਾਸ, ਅਜੇਟੋਬੇਕਟਰ, ਰਾਈਜੋਬਿਯਮ, ਮਾਯਕੋਰਾਈਜਾ ਆਦਿ।

**ਮਿੱਟੀ ਦੀ ਜਾਂਚ ਦੇ ਆਧਾਰ 'ਤੇ ਭੂਮੀ ਦੀ ਉਰਵਰਤਾ :**

| **ਪੋਸ਼ਕ ਤੱਤ** | **ਉਪਲਬਧ ਪੋਸ਼ਕ ਤੱਤਾਂ ਦੀ ਮਾਤਰਾ (ਕਿ./ਹੇ.)** | | |
|---|---|---|---|
| | **ਘੱਟ** | **ਮੱਧਮ** | **ਜ਼ਿਆਦਾ** |
| ਨਾਈਟ੍ਰੋਜਨ | 280 ਤੋਂ ਘੱਟ | 280-560 | 560 ਤੋਂ ਜ਼ਿਆਦਾ |
| ਫਾਸਫੋਰਸ | 10 ਤੋਂ ਘੱਟ | 10-25 | 25 ਤੋਂ ਜ਼ਿਆਦਾ |
| ਪੋਟਾਸ਼ | 110 ਤੋਂ ਘੱਟ | 110-280 | 280 ਤੋਂ ਜ਼ਿਆਦਾ |
| ਜੈਵਿਕ ਕਾਰਬਨ | 0.5 ਪ੍ਰਤੀਸ਼ਤ ਤੋਂ ਘੱਟ | 0.5-0.75 ਪ੍ਰਤੀਸ਼ਤ | 0.75 ਪ੍ਰਤੀਸ਼ਤ ਤੋਂ ਜ਼ਿਆਦਾ |

**ਜੀਵਾਣੂ-ਖਾਦ ਦੇ ਲਾਭ :**

- ਇਹ ਜੀਵਾਣੂ ਫਸਲਾਂ ਦੇ ਪੋਸ਼ਕ ਤੱਤਾਂ ਦੀ ਜ਼ਰੂਰਤ ਨੂੰ ਪੂਰਾ ਕਰਕੇ ਉਨ੍ਹਾਂ ਦਾ ਉਤਪਾਦਨ ਅਤੇ ਉਤਪਾਦਕਤਾ ਵਧਾਉਂਦੇ ਹਨ।
- ਇਹ ਸੂਖਮ ਜੀਵਾਣੂ ਮ੍ਰਦਾ ਵਿਚ ਮੌਜੂਦ ਫਾਸਫੋਰਸ ਨੂੰ ਘੁਲਣਸ਼ੀਲ ਬਣਾ ਕੇ ਪੌਦਿਆਂ ਦੇ ਲਈ ਉਪਲਬਧਤਾ ਵਧਾਉਂਦੇ ਹਨ।
- ਇਹ ਸੂਖਮ ਜੀਵ ਕੁਝ ਮਾਤਰਾ ਵਿਚ ਸੂਖਮ ਜ਼ਰੂਰੀ ਪੋਸ਼ਕ ਤੱਤਾਂ ਜਿਵੇਂ ਜ਼ਿੰਕ, ਤਾਂਬਾ, ਸਲਫਰ, ਲੋਹਾ, ਬੋਰੋਨ, ਕੋਬਾਲਟ ਅਤੇ ਮੋਲਿਬਡੇਨਮ ਆਦਿ ਪੌਦਿਆਂ ਨੂੰ ਪ੍ਰਦਾਨ ਕਰਦੇ ਹਨ।
- ਇਹ ਸੂਖਮ ਜੀਵਾਣੂ ਖੇਤੀ ਵਿਚ ਬਚੇ ਹੋਏ ਕਾਰਬਨਿਕ ਅਪਸ਼ਿਸਟਾਂ ਨੂੰ ਸੜਾ ਕੇ ਮ੍ਰਦਾ ਵਿਚ ਕਾਰਬਨਿਕ ਪਦਾਰਥ ਦੀ ਉਚਿਤ ਮਾਤਰਾ ਬਣਾਏ ਰੱਖਦੇ ਹਨ।
- ਇਹ ਸੂਖਮ ਜੀਵਾਣੂ ਪਾਦਕ-ਵਾਧਾ ਕਰਨ ਵਾਲੇ ਹਾਰਮੋਨਸ, ਪ੍ਰੋਟੀਨ, ਵਿਟਾਮਿਨ ਅਤੇ ਅਮੀਨੋ ਅਮਲ ਦਾ ਉਤਪਾਦਨ ਕਰਦੇ ਹਨ ਅਤੇ ਇਹ ਸੂਖਮ ਜੀਵਾਣੂ ਜ਼ਮੀਨ ਵਿਚ ਪਨਪ ਰਹੀ ਰੋਗਜਨਕ ਫਫੂੰਦ ਨਸ਼ਟ ਕਰਕੇ ਲਾਭਕਾਰੀ ਜੀਵਾਣੂਆਂ ਦੀ ਸੰਖਿਆ ਵਿਚ ਵਾਧਾ ਕਰਦੇ ਹਨ।
- ਇਨ੍ਹਾਂ ਜੀਵਾਣੂਆਂ ਦੇ ਪ੍ਰਯੋਗ ਨਾਲ ਲਗਭਗ 15-30 ਪ੍ਰਤੀਸ਼ਤ ਫਸਲ ਉਤਪਾਦਨ ਵੱਧਦਾ ਹੈ ਅਤੇ ਉਤਪਾਦ ਦੀ ਗੁਣਵੱਤਾ ਬਹੁਤ ਚੰਗੀ ਰਹਿੰਦੀ ਹੈ।
- ਇਨ੍ਹਾਂ ਸੂਖਮ ਜੀਵਾਣੂਆਂ ਦੇ ਪ੍ਰਯੋਗ ਨਾਲ ਮ੍ਰਦਾ ਦੀ ਜਲਧਾਰਣ ਸ਼ਕਤੀ ਅਤੇ ਉਪਜਾਊ ਸ਼ਕਤੀ ਵੱਧਦੀ ਹੈ, ਜਿਸ ਨਾਲ ਫਸਲ ਉਤਪਾਦਨ ਵੱਧਦਾ ਹੈ।
- ਇਹ ਜੀਵਾਣੂ-ਖਾਦ ਹਰੇਕ ਮੌਸਮ ਵਿਚ ਪ੍ਰਤੀ ਫਸਲ ਲਗਭਗ 20 ਤੋਂ 30 ਕਿਲੋਗ੍ਰਾਮ ਨਾਈਟ੍ਰੋਜਨ ਪ੍ਰਤੀ ਹੈਕਟੇਅਰ ਅਤੇ ਫਾਸਫੋਰਸ ਨੂੰ ਘੁਲਣਸੀਲ ਬਣਾਉਣ ਵਾਲੇ ਜੀਵਾਣੂ ਪ੍ਰਤੀ ਹੈਕਟੇਅਰ ਲਗਭਗ 30 ਤੋਂ 40 ਕਿਲੋਗ੍ਰਾਮ ਫਾਸਫੋਰਸ ਪ੍ਰਤੀ ਫਸਲ ਉਪਲਬਧ ਕਰਾਉਂਦੇ ਹਨ।

**ਜ਼ਮੀਨ-ਪ੍ਰੀਖਣ :**

- ਜ਼ਮੀਨ-ਪ੍ਰੀਖਣ ਕਿਓ ?
- ਮਿੱਟੀ ਵਿਚ ਉਪਲਬਧ ਪੋਸ਼ਕ ਤੱਤਾਂ ਦੇ ਬਾਰੇ ਵਿਚ ਪਤਾ ਕਰਨ ਦੇ ਵਾਸਤੇ ਮਿੱਟੀ ਦਾ ਪ੍ਰੀਖਣ ਕੀਤਾ ਜਾਂਦਾ ਹੈ।
- ਭੂਮੀ ਵਿਚ ਉਪਲਬਧ ਪੋਸ਼ਕ ਤੱਤਾਂ ਅਤੇ ਲਵਣਾਂ ਦੀ ਮਾਤਰਾ ਅਤੇ ਪੀ.ਐਚ.ਮਾਨ. ਦਾ ਪਤਾ ਕਰਨ ਦੇ ਲਈ।
- ਭੂਮੀ ਦੀ ਭੌਤਿਕ ਬਨਾਵਟ ਜਾਨਣ ਦੇ ਲਈ।

* ਜੋ ਫ਼ਸਲ ਅਸੀਂ ਬੀਜਣ ਜਾ ਰਹੇ ਹਾਂ, ਉਸ ਵਿਚ ਖਾਦ ਦੀ ਮਾਤਰਾ ਨਿਰਧਾਰਤ ਕਰਨ ਵਾਸਤੇ।
* ਸਮੱਸਿਆਗ੍ਰਸਤ ਭੂਮੀ ਵਿਚ ਕਿਸੇ ਭੂਮੀ-ਸੁਧਾਰਕ ਰਸਾਇਣ, ਜਿਵੇਂ ਉਸਰ ਭੂਮੀ ਦੇ ਲਈ ਜਿਪਸਮ, ਫਾਸਪੋਜਿਪਸਮ ਜਾਂ ਪਾਈਰਾਈਟਸ ਅਤੇ ਅਮਲੀਯ ਭੂਮੀ ਵਿਚ ਚੂਨੇ ਦੀ ਜ਼ਰੂਰਤ ਹੈ ਜਾਂ ਨਹੀ ? ਜੇਕਰ ਹੋਵੇ ਤਾਂ ਕਿਸੇ ਭੂਮੀ ਸੁਧਾਰਕ ਦੀ ਕਿੰਨੀ ਮਾਤਰਾ ਪਾਉਣੀ ਚਾਹੀਦੀ।

**ਮ੍ਰਦਾ-ਸੰਸੋਧਨ :**

ਸਫ਼ਲ ਖੇਤੀ ਉਤਪਾਦਨ ਦੇ ਲਈ ਲਵਣੀਯ, ਕਸਾਰੀਯ ਅਤੇ ਅਮਲੀਯ ਮ੍ਰਦਾਵਾਂ ਦਾ ਸੁਧਾਰ ਜ਼ਰੂਰੀ ਹੈ।

**ਲਵਣੀਯ ਭੂਮੀ ਦਾ ਸੁਧਾਰ :**

* ਭੂਮੀ ਸਮਤਲੀਕਰਨ, ਮੇੜਬੰਦੀ ਜਾਂ ਸਿੰਚਾਈ ਜਲਭਰਾਵ ਕਰਕੇ ਘੁਲਣਸ਼ੀਲ ਲਵਣਾਂ ਦਾ ਨਿਕਸ਼ਾਲਨ ਕਰੋ।
* ਮ੍ਰਦਾ-ਜਾਂਚ ਦੇ ਆਧਾਰ 'ਤੇ ਕਸ਼ਾਰੀਯ ਭੂਮੀ ਵਿਚ ਜਿਪਸਮ, ਸਲਫਰ ਅਤੇ ਕੇਲਸਾਈਟ ਦਾ ਪ੍ਰਯੋਗ ਕਰੋ।
* ਹਰੀ ਖਾਦਵਾਲੀ ਫਸਲਾਂ, ਜਿਵੇਂ ਢੈਂਚਾ, ਸਨਈ ਅਤੇ ਲੋਬੀਆ ਵੀ ਕਸ਼ਾਰੀਯ ਭੂਮੀ ਨੂੰ ਸੁਧਾਰਨ ਵਿਚ ਉਪਯੋਗੀ ਸਿੱਧ ਹੋਈ ਹੈ।

**ਅਮਲੀਯ ਭੂਮੀ ਦਾ ਸੁਧਾਰ :**

ਮ੍ਰਦਾ ਪੀਐਚ ਦੇ ਅਨੁਸਾਰ ਚੂਨੇ ਦੀ ਮਾਤਰਾ ਦਾ ਪ੍ਰਯੋਗ ਕਰੋ।

**ਜੈਵ ਉਰਵਰਕ :**

ਜੈਵ ਉਰਵਰਕ ਉਹ ਉਤਪਾਦ ਹੈ, ਜਿਸ ਵਿਚ ਜੀਵਤ ਸੂਖਮ ਜੀਵ ਹੁੰਦੇ ਹਨ, ਜੋ ਮਿੱਟੀ ਦੀ ਉਤਪਾਦਕਤਾ ਵਿਚ ਵਾਧੇ ਦੇ ਲਈ ਨਾਈਟ੍ਰੋਜਨ ਸਥਿਰੀਕਰਨ (ਫਿਕਸੇਸਨ), ਫਾਸਫੋਰਸ ਘੁਲਣਸ਼ੀਲਤਾ (ਸੋਲਯੂਬਿਲਾਈਜੇਸਨ), ਵਾਧਾ ਹਾਰਮੋਨ-ਉਤਪਾਦਨ, ਸੇਲੂਲੋਜ-ਵਿਘਟਨ ਆਦਿ ਦੇ ਮਾਮਲੇ ਵਿਚ ਖੇਤੀ ਵਿਚ ਉਪਯੋਗੀ ਹੁੰਦੇ ਹਨ।

**ਨਾਈਟ੍ਰੋਜਨ ਜੈਵ ਉਰਵਰਕ :**

* ਰਾਈਜੋਬਿਯਮ
* ਏਜੇਟੋਬੇਕਟਰ
* ਏਜੋਸਿਪਰਿਲਿਯਮ
* ਨੀਲ ਹਰਿਤ ਸ਼ੇਵਾਲ
* ਏਜੋਲਾ

**ਰਾਈਜੋਬਿਯਮ :**

* ਵਾਯੂਵੀਯ ਮਿੱਟੀ ਦੇ ਬੈਕਟੀਰੀਆ, ਫਲੀਦਾਰ ਫਸਲਾਂ ਦੀਆਂ ਜੜ੍ਹਾਂ ਦੇ ਨਾਲ ਸਹਜੀਵੀ ਸੰਬੰਧ (ਸਿੰਬਿਯੋਟਿਕ ਐਸੋਸੀਏਸਨ) ਨਾਲ ਨਾਈਟ੍ਰੋਜਨ ਨੂੰ ਸਥਿਰ ਕਰਦਾ ਹੈ।
* ਇਹ 20-200 ਕਿਲੋ ਨਾਈਟ੍ਰੋਜਨ ਪ੍ਰਤੀ ਹੈਕਟੇਅਰ ਹਰ ਸਾਲ ਸਥਿਰ ਕਰਦਾ ਹੈ।
* 1-2 ਕਿਲੋ ਪ੍ਰਤੀ ਹੈਕਟੇਅਰ ਮਿੱਟੀ ਦੇ ਉਪਚਾਰ ਅਤੇ 20 ਗ੍ਰਾਮ ਪ੍ਰਤਿ ਕਿਗ੍ਰ ਬੀਜ ਉਪਚਾਰ ਦੇ ਲਈ।

**ਏਜੇਟੋਬੈਕਟੋਰ ਅਤੇ ਏਜੋਸਿਪਰਿਲਿਯਮ :**

* ਇਹ ਇਕ ਸਵਤੰਤਰ ਜਾਂ ਮੁਕਤਰੂਪ ਨਾਲ ਭੂਮੀ ਵਿਚ ਰਹਿਣ ਵਾਲੇ ਜੀਵਿਤ ਅਤੇ ਨਾਈ੍ਰਟੋਜਨ ਨੂੰ ਉਪਲਬਧ ਕਰਾਉਣ ਵਾਲੇ ਬੈਕਟਰੀਆ ਹਨ।
* ਇਹ 20-40 ਕਿਲੋਗ੍ਰਾਮ ਪ੍ਰਤੀ ਹੈਕਟੇਅਰ ਨਾਈਟ੍ਰੋਜਨ ਸਥਿਰ ਕਰਦੇ ਹਨ।
* ਅਨਾਜ ਅਤੇ ਬਾਗਵਾਨੀ ਫਸਲਾਂ ਦੇ ਲਈ ਇਸ ਦੀ ਅਨੁਸੰਸਾਂ ਕੀਤੀ ਜਾਂਦੀ ਹੈ।
* ਇਨ੍ਹਾਂ ਦਾ ਉਪਯੋਗ ਬੀਜ ਉਪਚਾਰ, ਪੌਦਾ-ਉਪਚਾਰ ਜਾਂ ਮ੍ਰਦੋਉਪਚਾਰ ਵਾਸਤੇ ਕੀਤਾ ਜਾਂਦਾ ਹੈ।

* ਇਨ੍ਹਾਂ ਦਾ ਬੀਜ ਉਪਚਾਰ ਵਿਚ 200 ਗ੍ਰਾਮ ਪ੍ਰਤੀ 10 ਕਿਲੋਗ੍ਰਾਮ ਬੀਜ਼, 1.5-3.0 ਕਿਲੋ ਪ੍ਰਤੀ ਹੈਕਟੇਅਰ, ਪੌਦ-ਉਪਚਾਰ 4-5 ਕਿਲੋ ਪ੍ਰਤੀ ਹੈਕਟੇਅਰ ਮ੍ਰਦਾ ਉਪਚਾਰ ਦੇ ਅਨੁਸਾਰ ਉਪਯੋਕ ਕੀਤਾ ਜਾ ਸਕਦਾ ਹੈ।

**ਨੀਲ ਹਰਿਤ ਸ਼ੈਵਾਲ :**




* ਨੀਲ ਹਰਿਤ ਕਾਈ ਇਕ ਜੈਵਿਕ ਖਾਦ ਹੈ।
* ਮੁੱਖ ਨੀਲ ਹਰਿਤ ਸ਼ੈਵਾਲ ਨੋਸਟਾਕ-ਅਨਾਬੀਨਾ, ਐਲੋਸੀਰਾ, ਕੋਲੋਥਰਿਕਸ ਆਦਿ।
* ਇਹ ਚਾਵਲਾਂ ਵਿਚ 25-30 ਕਿਲੋ ਪ੍ਰਤੀ ਹੈਕਟੇਅਰ ਨਾਈਟ੍ਰੋਜਨ ਪ੍ਰਦਾਨ ਕਰ ਸਕਦੀ ਹੈ।
* ਧਾਨ ਵਿਚ 25 ਕਿਲੋਗ੍ਰਾਮ ਪ੍ਰਤੀ ਹੈਕਟੇਅਰ ਦੀ ਦਰ ਨਾਲ ਪਾਇਆ ਜਾਂਦਾ ਹੈ।

**ਏਜੋਲਾ :**




* ਏਜੋਲਾ ਇਕ ਤਾਜ਼ਾ ਪਾਣੀ ਦਾ ਫਰਨ ਹੈ ਅਤੇ ਇਹ ਇਨਾਬੀਨਾ ਦੇ ਸਹਿਯੋਗ ਨਾਲ ਨਾਈਟ੍ਰੋਜਨ ਨੂੰ ਸਥਿਰ ਕਰਦਾ ਹੈ।
* ਇਹ 25-40 ਕਿਲੋਗ੍ਰਾਮ ਨਾਈਟ੍ਰੋਜਨ ਪ੍ਰਤੀ ਹੈਕਟੇਅਰ ਦੀ ਦਰ ਨਾਲ ਸਥਿਰ ਕਰਦਾ ਹੈ।

**ਫਾਸਫੋਰਸ ਘੁਲਨਸ਼ੀਲ ਜੈਵ ਉਰਵਰਕ (ਪੀਐਸਬੀ) :**

* ਪੀ.ਐਸ.ਬੀ. ਬੈਕਟੀਰੀਆ ਅਤੇ ਕਵਕ ਤੋਂ ਤਿਆਰ ਕੀਤਾ ਜਾਂਦਾ ਹੈ। ਇਹ ਅਘੁਲਨਸ਼ੀਲ ਫਾਸਫੇਟ ਨੂੰ ਘੁਲਣਸ਼ੀਲ ਫਾਸਫੇਟ ਵਿਚ ਬਦਲਦਾ ਹੈ।
* ਸਾਰੀਆਂ ਫਸਲਾਂ ਦੇ ਉਪਯੋਗ ਦੇ ਲਈ ਬੀਜ ਉਪਚਾਰ, ਪੌਦ ਉਪਚਾਰ ਜਾਂ ਮਿੱਟੀ ਦੇ ਉਪਚਾਰ ਦੇ ਲਈ, ਇਸ ਦੇ ਉਪਯੋਗ ਦੀ ਅਨੁਸੰਸ਼ਾ ਕੀਤੀ ਜਾਂਦੀ ਹੈ। ਫਾਸਫੋਰਸ ਮੋਬਿਲਾਈਜਿੰਗ ਬਾਇਓ-ਫਰਟੀਲਾਈਜਰ (ਪੀ.ਐਮ.ਬੀ.):
* ਮਾਇਕੋਰਈਜ਼ਾ ਵਰਗੇ ਵੇਮ (VAM)

**ਫਸਲ ਚੱਕਰ :**

ਫ਼ਸਲ-ਚੱਕਰ ਕਿਸੇ ਨਿਸਚਿਤ ਖੇਤਰ 'ਤੇ ਇਕ ਨਿਸਚਿਤ ਸਮੇਂ ਤੱਕ ਫਸਲਾਂ ਨੂੰ ਇਸ ਪ੍ਰਕਾਰ ਹੇਰ-ਫੇਰ ਕਰ ਬੀਜਣਾ, ਜਿਸ ਨਾਲ ਭੂਮੀ ਦੀ ਉਪਜਾਊ ਸ਼ਕਤੀ ਨੂੰ ਬਣਾਏ ਰੱਖ ਕੇ ਜ਼ਿਆਦਾ ਉਤਪਾਦਨ ਲੈ ਸਕੀਏ, ਉਦਾਹਰਣ ਮੱਕੀ, ਕਣਕ, ਮੂੰਗ, ਮੱਕਾ, ਆਲੂ, ਮੂੰਗ ਆਦਿ।

**ਫਸਲ-ਚੱਕ ਦੇ ਸਿਧਾਂਤ :**

* ਗਹਿਰੀ ਜੜ੍ਹਾਂ ਵਾਲੀਆਂ ਫਸਲ ਦੇ ਬਾਅਦ ਉਥਲੀ ਜੜ੍ਹਾਂ ਵਾਲੀ ਫਸਲ ਉਗਾਉਣਾ।
* ਜ਼ਿਆਦਾ ਖਾਦ ਚਾਹੁਣ ਵਾਲੀਆਂ ਫਸਲਾਂ ਦੇ ਬਾਅਦ ਘੱਟ ਖਾਦ ਚਾਹੁੰਣ ਵਾਲੀਆਂ ਫਸਲਾਂ ਬੀਜਣਾ।
* ਜਿਆਦਾ ਪਾਣੀ ਚਾਹੁੰਣ ਵਾਲੀਆਂ ਫਸਲਾਂ ਦੇ ਬਾਅਦ ਘੱਟ ਪਾਣੀ ਚਾਹੁੰਣ ਵਾਲੀਆਂ ਫਸਲਾਂ ਬੀਜਣਾ।
* ਫਲੀਦਰ ਫਸਲਾਂ ਦੇ ਬਾਅਦ ਬਿਨਾਂ ਫਲੀਦਾਰ ਫਸਲਾਂ ਬੀਜਣਾ। ਫਸਲ-ਚੱਕਰ ਵਿਚ ਫਸਲਾਂ ਇਕ ਹੀ ਕੁਲ ਦੀਆਂ ਨਹੀਂ ਹੋਣੀਆਂ ਚਾਹੀਦੀਆਂ।
* ਫਸਲ-ਚੱਕਰ ਵਿਚ ਖੇਤੀ ਸਾਧਨਾਂ ਦਾ ਸਾਲਭਰ ਤਾਕਤਪੂਰਨ ਉਪਯੋਗ।

**ਫ਼ਸਲ-ਚੱਕਰ ਦੇ ਲਾਭ :**

* ਮ੍ਰਦਾ ਦੀ ਉਰਵਰਤਾ ਵਿਚ ਵਾਧਾ।
* ਜ਼ਿਆਦਾ ਉਤਪਾਦਕਤਾ।
* ਕੀੜਿਆਂ 'ਤੇ ਕਾਬੂ।
* ਮ੍ਰਦਾ-ਸੰਰਚਨਾ ਦਾ ਵਿਕਾਸ।



- ਪਰਿਵਾਰ ਨੂੰ ਰੋਜ਼ਗਾਰ।
- ਉਤਪਾਦਾਂ ਦਾ ਉਚਿਤ ਮੁੱਲ।
- ਘੱਟ ਮੁਕਾਬਲੇਬਾਜ਼ੀ।

**ਫ਼ਸਲ-ਰਹਿੰਦ-ਖੂੰਹਦ**

- ਜ਼ਿਆਦਾਤਰ ਫਸਲਾਂ ਦੀ ਰਹਿੰਦ-ਖੂੰਹਦ ਇਕ ਵੱਡੀ ਮਾਤਰਾ ਦਾ ਉਤਪਾਦਨ ਕਰਦੀ ਹੈ, ਭੂਸੇ, ਟੰਡਲ, ਭੂਸੀ ਆਦਿ।
- ਨਾਈਟ੍ਰੋਜਨ ਦੀ ਮਾਤਰਾ ਇੰਨ੍ਹਾਂ ਰਹਿਦ-ਖੂੰਦ ਵਿਚ 1.7-3.30 ਦੇ ਵਿਚ ਉਪਲਬਧ ਰਹਿੰਦੀ ਹੈ।
- ਮਿੱਟੀ ਵਿਚ ਫ਼ਸਲ-ਰਹਿੰਦ ਖੂੰਹਦ ਨੂੰ ਮਿਲਾਉਣ ਨਾਲ ਮਿੱਟੀ ਦੀ ਉਤਪਾਦਕਤਾ, ਪੋਸ਼ਕ ਤੱਤਾਂ ਦੀ ਆਪੂਰਤੀ ਅਤੇ ਮਾਇਕ੍ਰੋਬਿਯਲ ਗਤੀਵਿਧੀਆਂ ਵਿਚ ਸੁਧਾਰ ਹੁੰਦਾ ਹੈ।
- ਖੇਤ ਵਿਚ ਫ਼ਸਲ-ਰਹਿੰਦ ਖੂੰਹਦ ਦੀ ਮਾਤਰਾ 2.5-5.0 ਟਨ ਪ੍ਰਤੀ ਹੈਕਟੇਅਰ ਦੇਣੀ ਚਾਹੀਦੀ।

**ਹਰੀ ਖਾਦ :**

- ਦਲਹਨੀ ਅਤੇ ਗੈਰ ਦਲਹਨੀ ਫਸਲਾਂ ਦੇ ਫੁਲ ਆਉਣ ਦੇ ਸਮਾਂ ਟਰੈਕਟਰ ਵਿਚ ਖੇਤ ਵਿਚ ਮਿਲਾ ਦੇਣ ਜਾਂ ਦਬਾ ਦੇਣ ਨਾਲ ਸੜਨ 'ਤੇ ਜੋ ਖਾਦ ਬਣਦੀ ਹੈ, ਉਸ ਨੂੰ ਹਰੀ ਖਾਦ ਕਹਿੰਦੇ ਹਨ।
- ਹਰੀ ਖਾਦ 50-60 ਦਿਨਾਂ ਵਿਚ 1.5-2 ਟਨ/ਏਕੜ ਖੁਸ਼ਕ ਬਾਇਓਮਾਸ ਅਤੇ 35-40 ਕਿਲੋ ਨਾਈਟ੍ਰੋਜਨ ਪ੍ਰਦਾਨ ਕਰ ਸਕਦੀ ਹੈ।
- ਹਰੀ ਖਾਦ ਮਿੱਟੀ ਵਿਚ ਸੂਖਮ ਜੀਵਾਣੂਆਂ (ਮਾਈਕ੍ਰੋਬਿਯਲ) ਦੀਆਂ ਗਤੀਵਿਧੀਆਂ ਨੂੰ ਤੇਜ ਕਰਦੀ ਹੈ, ਖਰਪਤਵਾਰ-ਵਾਧੇ ਨੂੰ ਘੱਟ ਕਰਦੀ ਹੈ ਅਤੇ ਪੌਦਿਆਂ ਦੀ ਰੋਗ-ਪ੍ਰਤੀਰੋਧਕ ਤਾਕਤ ਨੂੰ ਵਧਾਉਂਦੀ ਹੈ।

**ਹਰੀ ਖਾਦ ਦੇ ਗੁਣ :**

- ਜਲਦੀ ਵਾਧਾ ਕਰਨ ਦੀ ਤਾਕਤ ਹੋਵੇ, ਜਿਸ ਨਾਲ ਘੱਟ ਸਮੇਂ ਵਿਚ ਕੰਮ ਪੂਰਾ ਹੋ ਸਕੇ।
- ਚੋਣ ਕੀਤੀ ਗਈ ਦਲਹਨੀ ਫਸਲ ਵਿਚ ਜ਼ਿਆਦਾਤਰ ਵਾਯੂਮੰਡਲੀ ਨਾਈਟ੍ਰੋਜਨ ਦਾ ਸਥਿਰੀਕਰਨ ਕਰਨ ਦੀ ਤਾਕਤ ਹੋਣ ਚਾਹੀਦੀ, ਜਿਸ ਨਾਲ ਜ਼ਮੀਨ ਨੂੰ ਜ਼ਿਆਦਾ ਤੋਂ ਜ਼ਿਆਦਾ ਨਾਈਟ੍ਰੋਜਨ ਉਪਲਬਧ ਹੋ ਸਕੇ।
- ਫਸਲ ਦੇ ਵਾਧੇ ਹੋਣ 'ਤੇ ਜਿੰਨੀ ਜਲਦੀ ਹੋ ਸਕੇ ਜ਼ਿਆਦਾ ਤੋਂ ਜ਼ਿਆਦਾ ਮਾਤਰਾ ਵਿਚ ਪੱਤੀਆਂ ਅਤੇ ਕੋਮਲ ਟਾਹਣੀਆਂ ਨਿਕਲ ਸਕਣ, ਜਿਸ ਨਾਲ ਪ੍ਰਤੀ ਇਕਾਈ ਖੇਤਰ ਤੋਂ ਜ਼ਿਆਦਤਰ ਹਰਾ ਪਦਾਰਥ ਮਿਲ ਸਕੇ ਅਤੇ ਆਸਾਨੀ ਨਾਲ ਸੜ ਸਕਣ।
- ਫਸਲ ਗਹਿਰੀ ਜੜ੍ਹ ਵਾਲੀ ਹੋਵੇ, ਜਿਸ ਨਾਲ ਉਹ ਭੂਮੀ ਵਿਚ ਗਹਿਰਾਈ ਤੱਕ ਜਾ ਕੇ ਜ਼ਿਆਦਾ ਤੋਂ ਜ਼ਿਆਦਾ ਪੋਸ਼ਕ ਤੱਤਾਂ ਨੂੰ ਖਿਚ ਸਕੇ।ਹਰੀ ਖਾਦ ਦੀ ਫ਼ਸਲ ਦੇ ਸੜਨ 'ਤੇ ਉਸ ਵਿਚ ਉਪਲਬਧ ਸਾਰੇ ਪੋਸ਼ਕ ਤੱਤ ਮਿੱਟੀ ਦੀ ਉਪਰੀ ਸਤਹ 'ਤੇ ਰਹਿ ਜਾਂਦੀ ਹਨ, ਜਿਨ੍ਹਾਂ ਦਾ ਉਪਯੋਗ ਬਾਅਦ ਵਿਚ ਬੀਜੀ ਜਾਣ ਵਾਲੀ ਮੁੱਖ ਫ਼ਸਲ ਦੇ ਰਾਹੀਂ ਕੀਤਾ ਜਾਂਦਾ ਹੈ।
- ਫ਼ਸਲ ਦੇ ਵਾਨਸਪਤਿਕ ਭਾਗ ਮੁਲਾਇਮ ਹੋ ਜਾਣੇ ਚਾਹੀਦੇ।
- ਫ਼ਸਲ ਦੀ ਜਲ ਅਤੇ ਪੋਸ਼ਕ ਤੱਤਾਂ ਦੀ ਮੰਗ ਘੱਟ ਤੋਂ ਘੱਟ ਹੋਣੀ ਚਾਹੀਦੀ।
- ਚੁਣੀ ਫ਼ਸਲ 'ਤੇ ਰੋਗ ਅਤੇ ਕੀੜੇ ਘੱਟ ਲੱਗਦੇ ਹੋਣ ਅਤੇ ਬੀਜ ਉਤਪਾਦਨ ਦੀ ਤਾਕਤ ਜ਼ਿਆਦਾ ਹੋਵੇ।



**ਹਰੀ ਖਾਦ ਦੇ ਲਈ ਅਨੁਕੂਲ ਫ਼ਸਲਾਂ :**

- ਦਲਹਨੀ ਫ਼ਸਲਾਂ ਜਿਵੇਂ ਢੈਂਚਾ, ਜੂਨ, ਲੋਬੀਆ, ਉੜਦ, ਮੂੰਗ, ਗਵਾਰ, ਬਰਸੀਮ, ਖੇਸਾਰੀ ਅਤੇ ਸਨਈ ਆਦਿ।
- ਗੈਰ ਫਲੀਦਾਰ ਫ਼ਸਲਾਂ ਜਿਵੇਂ ਭੰਗ, ਜਵਾਰ, ਮੱਕੀ, ਸੂਰਜਮੁੱਖੀ ਅਤੇ ਏਜੋਲਾ ਆਦਿ।

| ਹਰੀ ਖਾਦ ਦੇ ਰਾਹੀਂ ਨਾਈਟ੍ਰੋਜਨ ਦੀ ਮਾਤਰਾ | | | | |
|---|---|---|---|---|
| ਫਸਲ | ਉਗਾਉਣ ਦਾ ਮੌਸਮ | ਹਰੇ ਪਦਾਰਥ ਦਾ ਔਸਤ 'ਤੇ ਨਾਈਟ੍ਰੋਜਨ ਦੀ | ਹਰੇ ਭਾਗ ਦੇ ਆਧਾਰ ਨਾਈਟ੍ਰੋਜਨ ਦੀ ਮਾਤਰਾ ਪ੍ਰਤੀਸ਼ਤਤਾ | ਮ੍ਰਦਾ ਵਿਚ ਮਿਲਾਈ ਗਈ ਕਿਗ੍ਰਾ/ਹੇ |
| ਢੈਂਚਾ | ਖਰੀਫ | 14.4 | 0.42 | 77.10 |
| ਸਨਈ | ਖਰੀਫ | 15.2 | 0.43 | 84.0 |
| ਮੂੰਗ | ਖਰੀਫ | 5.7 | 0.53 | 38.6 |
| ਲੋਬੀਆ | ਖਰੀਫ | 10.8 | 0.49 | 56.3 |
| ਗਵਾਰ | ਖਰੀਫ | 14.4 | 0.34 | 62.3 |
| ਸੈਂਜੀ | ਖਰੀਫ | 20.6 | 0.51 | 134.0 |
| ਖੇਸਾਰੀ | ਰਬੀ | 8.8 | 0.54 | 60.7 |

**ਗੋਬਰ ਦੀ ਖਾਦ :** ਗੋਬਰ ਦੀ ਖਾਦ ਪਸ਼ੂਆਂ ਜਿਵੇਂ ਗਾਂ, ਮੱਝ ਅਤੇ ਬੱਕਰੀ ਆਦਿ ਦੇ ਠੋਸ ਅਤੇ ਦ੍ਰਵ ਮਲ-ਮੂਤਰ, ਅਨੇਕ ਪੋਸ਼ਕ ਪਦਾਰਥਾਂ ਜਿਵੇਂ ਬਿਛਾਵਨ, ਭੂਸਾ, ਪੁਆਲ, ਪੇੜ ਪੌਦਿਆਂ ਦੀਆਂ ਪੱਤੀਆਂ ਆਦਿ ਨੂੰ ਮਿਲਾ ਕੇ ਤਿਆਰ ਕੀਤਾ ਜਾਂਦਾ ਹੈ। ਗੋਬਰ ਦੀ ਖਾਦ (ਐਫ.ਵਾਈ.ਐਮ) ਵਿਚ ਲਗਭਗ 5-6 ਕਿਲੋ ਨਾਈਟ੍ਰੋਜਨ, 1.2-2.0 ਕਿਲੋ ਫਾਸਫੋਰਸ ਅਤੇ 5-6 ਕਿਲੋ ਪੋਟਾਸ ਪ੍ਰਤੀ ਟਨ ਹੁੰਦੀ ਹੈ।

**ਗੋਬਰ ਦੀ ਖਾਦ ਤਿਆਰ ਕਰਨਾ :**

1. **ਇੰਦੌਰ-ਵਿਧੀ :** ਇਹ ਵਿਧੀ ਏ.ਹਾਵਰਡ ਅਤੇ ਯਸਵੰਤ ਡੀ.ਵਾਡ ਦੇ ਰਾਹੀਂ ਇੰਦੌਰ ਵਿਚ 1924 ਤੋਂ 1931 ਦੇ ਵਿਚਕਾਰ ਵਿਕਸਤ ਕੀਤੀ ਗਈ ਸੀ, ਇਸ ਕਾਰਣ ਇਸ ਨੂੰ ਇੰਦੋਰ-ਵਿਧੀ ਕਹਿੰਦੇ ਹਨ।

**ਵਿਧੀ :**

1. ਟੋਏ ਦਾ ਆਕਾਰ ਟੋਏ ਦੀ ਲੰਬਾਈ 10 ਫੁੱਟ, ਚੋੜਾਈ 5-7 ਫੁੱਟ ਅਤੇ ਡੂੰਘਾਈ 2-3 ਫੁਟ ਰੱਖਦੇ ਹਨ।
2. ਕੰਪੋਸਟ ਬਣਾਉਣ ਦੇ ਲਈ ਜ਼ਰੂਰੀ ਸਮੱਗਰੀ।

ਅ. ਪਸ਼ੂਆਂ ਦੀ ਗੋਬਰ ਵਿਛਾਵਨ ਸਮੇਤ।

ਬ. ਪਸ਼ੂਆਂ ਦੇ ਮੂਤਰ ਵਾਲੀ ਸੁਕੀ ਹੋਈ ਮਿੱਟੀ।

ਸ. ਪੌਦਿਆਂ ਅਤੇ ਫਸਲ ਦੀ ਰਹਿੰਦ ਖੂੰਹਦ, ਖਰਪਤਵਾਰ, ਦਰੱਖਤ ਦੀਆਂ ਪੱਤੀਆਂ, ਲੱਕੜੀ ਦੀ ਸੁਆਹ, ਧਾਨ ਦੀ ਚੂਰੀ ਆਦਿ ਦਾ ਮਿਸਰਨ।

1. **ਟੋਆ ਭਰਨ ਦੀ ਵਿਧੀ :** ਪਹਿਲੀ ਪਰਤ ਵਿਚ ਪਸ਼ੂਸ਼ਾਲਾ ਤੋਂ ਇਕੱਠੇ ਕੀਤੇ ਗਏ ਕਚਰੇ ਦੀ ਮੋਟੀ ਪਰਤ 3 ਇੰਚ ਤੱਕ ਬਣਾ ਦਿੰਦੇ ਹਨ। ਇਯ ਦੇ ਉਪਰ ਲਕੜੀ ਦੀ ਸੁਆਹ ਨੂੰ ਫੈਲਾ ਦਿੰਦੇ ਹਨ। ਇਸ ਦੇ ਉਪਰ 2 ਇੰਚ ਮੋਟੀ ਗੋਬਰ ਦੀ ਪਰਤ ਵਿਛਾ ਕੇ ਉਸ ਦੇ ਉਪਰ ਹਲਕੀ ਮਿੱਟੀ ਦੀ ਪਰਤ ਬਿਖੇਰ ਦਿੰਦੇ ਹਨ। ਪੂਰੀ ਸਮੱਗਰੀ ਨੂੰ ਗਿੱਲਾ ਕਰਨ ਦੇ ਲਈ ਪੂਰੀ ਮਾਤਰਾ ਵਿਚ ਪਾਣੀ ਪਾ ਦੇਣਾ ਚਾਹੀਦਾ। ਇਸ ਪ੍ਰਕਾਰ ਪਰਤ ਦੇ ਬਾਅਦ ਪਰਤ ਲਗਾਉਂਦੇ ਹੋਏ ਟੋਏ ਨੂੰ ਭਰਦੇ ਹਾਂ। ਟੋਏ ਨੂੰ ਉਦੋਂ ਤੱਕ ਭਰਦੇ ਰਹਿੰਦੇ ਹਨ ਜਦ ਤੱਕ ਪੂਰੀ ਸਮੱਗਰੀ ਦੀ ਪਰਤ ਜ਼ਮੀਨ ਤੋਂ ਇਕ ਫੁਟ ਉਪਰ ਤੱਕ ਨਾ ਹੋ ਜਾਵੇ। ਅੰਤ ਵਿਚ ਵਿਛਾਵਨ ਦੇ ਨਾਲ ਸੁਆਹ ਅਤੇ ਪਸ਼ੂ ਮੂਤਰ ਦੀ ਇਕ ਪਰਤ ਲਗਾਉਣੀ ਚਾਹੀਦੀ। ਸਵੇਰੇ-ਸ਼ਾਮ ਪਾਣੀ ਦਾ ਛਿੜਕਾਅ ਕਰੋ। ਇਸ ਪ੍ਰਕਾਰ ਕੂੜੇ-ਕਰਕਟ ਅਤੇ ਗੋਬਰ ਦੇ ਰਾਹੀਂ ਪ੍ਰਚੂਰ ਮਾਤਰਾ ਵਿਚ ਪਾਣੀ ਸੋਕ ਲਿਆ ਜਾਂਦਾ ਹੈ ਅਤੇ ਇਸ ਦਾ ਸੜਨਾ ਸ਼ੁਰੂ ਹੋ ਜਾਂਦਾ ਹੈ। ਇਸ ਵਿਧੀ ਵਿਚ 3 ਮਹੀਨੇ ਬਾਅਦ ਚੰਗੀ ਕੰਪੋਸਟ ਤਿਆਰ ਹੋ ਜਾਂਦੀ ਹੈ।

2 **ਨੇਡੇਪ ਕੰਪੋਸਟ :** ਇਹ ਵਿਧੀ ਸ੍ਰੀ ਨਰਾਇਣ ਦੇਵਰਾਵ ਪੰਢਰੀ ਪਾਂਡੇ, ਜ਼ਿਲ੍ਹਾ ਯਵਤਮਾਲ, ਮਹਾਰਾਸ਼ਟਰ ਦੇ ਰਾਹੀਂ ਵਿਕਸਤ ਕੀਤੀ ਗਈ। ਇਸ ਵਿਧੀ ਵਿਚ ਹੇਠ ਸਮੱਗਰੀ ਕੰਮ ਵਿਚ ਲਿਆਂਦੀ ਜਾਂਦੀ ਹੈ।

1. ਫਾਰਮ ਅਵਸ਼ੇਸ, ਅਪਸ਼ਿਸਟ, ਕੰਪੋਸਟ ਬਣਾਉਣ ਦੇ ਲਈ ਜ਼ਰੂਰੀ ਸਮੱਗਰੀ ਕਪਾਹ ਅਤੇ ਅਰਹਰ ਦੇ ਡੰਠਲ,

2. ਦਰੱਖਤ ਦੀਆਂ ਪੱਤੀਆਂ ਆਦਿ ਕਰੀਬ 1400-1500 ਕਿਲੋ।

3. ਪਸ਼ੂਆਂ ਦੀ ਗੋਬਰ 90-100 ਕਿਲੋ।

4. ਪਾਣੀ ਮੌਸਮ ਦੇ ਅਨੁਸਾਰ।

ਇਸ ਵਿਧੀ ਵਿਚ ਪਸ਼ੂਆਂ ਦੇ ਗੋਬਰ ਦਾ ਘੱਟ ਪ੍ਰਯੋਗ ਕੀਤਾ ਜਾਂਦਾ ਹੈ।

ਇਸ ਵਿਧੀ ਵਿਚ ਵਾਯੁਵੀਜ ਪ੍ਰਕ੍ਰਿਆ ਰਾਹੀਂ ਕਾਰਬਨਿਕ ਪਦਾਰਥਾਂ ਦਾ ਵਿਘਟਨ ਹੁੰਦਾ ਹੈ ਅਤੇ ਕੰਪੋਸਟ ਤਿਆਰ ਹੋਣ ਵਿਚ 90-120 ਦਿਨ ਦਾ ਸਮਾਂ ਲੱਗਦਾ ਹੈ।

ਇਸ ਵਿਧੀ ਦੇ ਕੰਪੋਸਟ ਵਿਚ ਨਾਈਟ੍ਰੋਜਨ 0.5-1.5 ਪ੍ਰਤੀਸ਼ਤ, 0.5-1.0 ਪ੍ਰਤੀਸ਼ਤ ਫਾਸਫੋਰਸ ਅਤੇ 1.2-1.4 ਪ੍ਰਤੀਸ਼ਤ ਪੋਟਾਸ਼ ਹੁੰਦਾ ਹੈ।

**ਨੇਡੇਪ ਕੰਪੋਸਟ ਟੈਂਕ :**

ਇੱਟ ਜਾਂ ਪੱਥਰ ਆਦਿ ਨਾਲ ਜਮੀਨ ਦੇ ਉਪਰ ਟੈਂਕ ਬਣਾਇਆ ਜਾਂਦਾ ਹੈ।ਟੈਂਕ ਦਾ ਆਕਾਰ ਆਯਤਾਕਾਰ ਹੁੰਦਾ ਹੈ, ਜਿਸ ਦੇ

ਅੰਦਰ ਦੀ ਲੰਬਾਈ 10 ਫੁੱਟ, ਚੌੜਾਈ 6 ਫੁੱਟ ਅਤੇ ਉਚਾਈ 3 ਫੁੱਟ ਰੱਖਦੇ ਹਨ।ਟੈਂਕ ਦੀ ਕੰਧ 9 ਇੰਚ ਮੋਟੀ ਹੋਣੀ ਚਾਹੀਦੀ। ਹਵਾ ਦੀ ਆਵਾਜਾਈ ਦੇ ਲਈ ਟੈਂਕ ਦੀਆਂ ਚਾਰੇ ਦੀਵਾਰਾਂ ਵਿਚ 7 ਇੰਚ ਦੇ ਛੇਕ ਛੱਡਣੇ ਚਾਹੀਦੇ ਹਨ।ਇਸ ਪ੍ਰਕਾਰ ਤੀਸਰੀ, ਛੇਵੀਂ ਅਤੇ ਨੌਂਵੀਂ ਪਰਤ ਵਿਚ ਛੇਕ ਰੱਖਦੇ ਹਨ।ਟੈਂਕ ਦੇ ਅੰਦਰ ਅਤੇ ਬਾਹਰ ਦੀਆਂ ਕੰਧਾਂ ਅਤੇ ਫਰਸ ਨੂੰ ਟੈਂਕ ਭਰਨ ਤੋਂ ਪਹਿਲਾਂ ਗੋਬਰ ਅਤੇ ਮਿੱਟੀ ਦੇ ਮਿਸ਼ਰਨ ਨਾਲ ਭਲੀ ਪ੍ਰਕਾਰ ਲੇਪ ਦੇਣਾ ਚਾਹੀਦਾ।

**ਟੈਂਕ ਭਰਨ ਦੀ ਵਿਧੀ :**

ਟੈਂਕ ਭਰਨ ਤੋਂ ਪਹਿਲਾਂ ਗੋਬਰ ਦੇ ਘੋਲ ਦਾ ਛਿੜਕਾਅ ਟੈਂਕ ਦੇ ਥੱਲੇ ਅਤੇ ਕੰਧਾਂ ਦੇ ਅੰਦਰ ਕਰ ਲੈਣਾ ਚਾਹੀਦਾ।

**ਪਹਿਲੀ ਪਰਤ-** ਪਹਿਲੀ ਪਰਤ ਫਾਰਮ ਦੇ ਵਾਨਸਪਤਿਕ ਅਵਸ਼ੇਸ਼ਾਂ ਨਾਲ ਭਰ ਦੇਣੀ ਚਾਹੀਦੀ।

**ਦੂਸਰੀ ਪਰਤ-** ਗੋਬਰ ਜਾਂ ਗੋਬਰ ਦੀ ਲੇਈ (ਕਰੀਬ 5 ਕਿਲੀਗੋਬਰ ਨੂੰ 100 ਲੀ. ਪਾਣੀ ਵਿਚ ਘੋਲ) ਦਾ ਪਹਿਲੀ ਪਰਤ 'ਤੇ ਇਕ ਸਾਰ ਛਿੜਕਾਅ ਕਰਦੇ ਹਨ।

**ਤੀਸਰੀ ਪਰਤ-** ਇਸ ਪਰਤ ਵਿਚ 30-40 ਕਿਲੋ ਸਾਫ ਸੁੱਕੀ ਛਨੀ ਮਿੱਟੀ ਗੋਬਰ ਦੀ ਪਰਤ 'ਤੇ ਇਕਸਾਰ ਵਿਛਾ ਦਿੰਦੇ ਹਨ ਅਤੇ ਇਸ ਦੇ ਉਪਰ ਪਾਣੀ ਦਾ ਛਿੜਕਾਅ ਕਰਕੇ ਗਿੱਲਾ ਕਰ ਲੈਂਦੇ ਹਨ। ਇਸ ਪ੍ਰਕਾਰ ਦੇ ਤਿੰਨਾਂ ਕ੍ਰਮਾਂ ਵਿਚ ਟੈਂਕ ਵਿਚ ਪਰਤ ਬਣਾਉਂਦੇ ਰਹਿੰਦੇ ਹਨ, ਜਦ ਤੱਕ ਢੇਰ ਟੈਂਕ ਦੀਆਂ ਕੰਧਾਂ ਤੋਂ 1.5 ਫੁਟ ਉਪਰ ਤੱਕ ਨਾ ਆ ਜਾਵੇ।ਸਾਧਾਰਨਤਾ 11-12 ਪਰਤ ਵਿਚ ਟੈਂਕ ਭਰ ਜਾਂਦਾ ਹੈ। ਟੈਂਕ ਦੇ ਉਪਰੀ ਭਾਗ ਨੂੰ ਝੋਪੜੀਨੁਮਾ ਆਕਾਰ ਦੇ ਦਿੰਦੇ ਹਨ।ਟੈਂਕ ਭਰਨ ਦੇ ਬਾਅਦ ਢੱਕ ਦਿੰਦੇ ਹਨ।ਟੈਂਕ ਦੇ ਢੇਰ ਵਿਚ ਦਰਾਰ ਨਾ ਪਵੇ, ਕਿਉਂਕਿ ਦਰਾਰਾਂ ਨਾਲ ਗੈਸ ਨਿਕਲਦੀ ਰਹਿੰਦੀ ਹੈ, ਇਸ ਲਈ ਇਸ ਦੇ ਉਪਰ ਦੁਬਾਰਾ ਲੇਪ ਕਰਦੇ ਹਨ।



ਇਸ ਵਿਧੀ ਨਾਲ ਕੰਪੋਸਟ ਬਣਾਉਣ ਵਿਚ 3-4 ਮਹੀਨੇ ਦਾ ਸਮਾਂ ਲੱਗਦਾ ਹੈ। ਕੰਪੋਸਟ ਵਿਚ 15-20 ਪ੍ਰਤੀਸ਼ਤ ਨਮੀ ਬਣਾਏ ਰੱਖਣ ਦੇ ਲਈ ਗੋਬਰ ਅਤੇ ਪਾਣੀ ਦੇ ਘੋਲ ਦਾ ਛਿੜਕਾਅ ਕਰੋ, ਜਿਸ ਨਾਲ ਖਾਦ ਵਿਚ ਜ਼ਰੂਰੀ ਪੋਸ਼ਕ ਤੱਤ ਸੰਰੱਖਿਅਤ ਰਹਿ ਸਕਣ।ਸਾਧਾਰਨਤਾ ਇਕ ਟੈਂਕ ਤੋਂ 3 ਟਨ ਦੇ ਕਰੀਬ ਕੰਪੋਸਟ ਪ੍ਰਾਪਤ ਹੁੰਦਾ ਹੈ।

**ਕੰਪੋਸਟ ਦੇ ਪ੍ਰਯੋਗ ਦੀ ਵਿਧੀ :**

ਸਿਫਾਰਸ਼ ਦੇ ਅਨੁਸਾਰ (ਸਾਧਾਰਨਤਾ ਫ਼ਸਲਾਂ ਵਿਚ 10-12 ਟਨ ਪ੍ਰਤੀ ਹੈਕਟੇਅਰ ਅਤੇ ਸਬਜੀਆਂ ਵਿਚ 15-20 ਟਨ ਪ੍ਰਤੀ ਹੈਕਟੇਅਰ) ਕੰਪੋਸਟ ਦੀ ਮਾਤਰਾ ਨੂੰ ਬੁਆਈ ਦੇ 3-4 ਹਫ਼ਤੇ ਪਹਿਲਾਂ ਖੇਤ ਵਿਚ ਪਾ ਕੇ, ਹਲ ਚਲਾ ਕੇ ਮਿੱਟੀ ਵਿਚ ਭਲੀ-ਭਾਂਤ ਮਿਲਾ ਦੇਣਾ ਚਾਹੀਦਾ।

**ਵਰਮੀ ਕੰਪੋਸਟ :**

ਕੇਂਚੂਆਂ ਦੇ ਰਾਹੀਂ ਅਵਸ਼ਿਸ਼ਟ ਜਿਵੇਂ ਗੋਬਰ, ਵਨਸਪਤੀਆਂ ਅਤੇ ਭੋਜਣ ਦੇ ਕਚਰੇ ਆਦਿ ਨੂੰ ਖਾ ਕੇ/ਪਚਾ ਕੇ ਛੋਟੀ-ਛੋਟੀ ਗੋਲੀਆਂ ਵਿਚ ਬਦਲਣ ਨੂੰ ਹੀ ਕੇਂਚੂਆਂ-ਖਾਦ ਜਾਂ ਵਰਮੀ ਕੰਪੋਸਟ ਕਿਹਾ ਜਾਂਦਾ ਹੈ।ਇਸ ਦੇ ਉਪਯੋਗ ਨਾਲ ਫਸਲਾਂ ਕੀਟ ਅਤੇ ਵਿਆਧੀਆਂ ਦੇ ਪ੍ਰਤੀ ਜ਼ਿਆਦਾ ਪ੍ਰਤੀਰੋਧੀ ਹੋ ਜਾਂਦੀ ਹੈ।ਇਸ ਦੇ ਇਲਾਵਾ ਵਰਮੀ ਕੰਪੋਸਟ ਵਿਚ ਸੂਖਮ ਤੱਤ ਸੰਤੁਲਿਤ ਮਾਤਰਾ ਵਿਚ ਅਤੇ ਅੰਜਾਇਮ ਅਤੇ ਵਿਟਾਮਿਨ ਵੀ ਪਾਏ ਜਾਂਦੇ ਹਨ।

**ਵਰਮੀ ਕੰਪੋਸਟ ਦੇ ਉਤਪਾਦਨ ਦੀ ਵਿਧੀ :** ਵਰਮੀ ਕੰਪੋਸਟ ਬਣਾਉਣ ਦੇ ਲਈ ਅਜਿਹੇ ਸਥਾਨ ਦੀ ਚੋਣ ਕਰਦੇ ਹਨ, ਜੋ ਉਚਾ ਅਤੇ ਛਾਂਦਾਰ ਹੋਵੇ।ਛਾਂ ਨਾ ਹੋਣ ਦੀ ਸਥਿਤੀ ਵਿਚ ਵਰਮੀ ਬੇਡ ਦੇ ਉਪਰ ਛੱਪਰ ਪਾ ਕੇ ਛਾਂ ਕਰਨੀ ਚਾਹੀਦੀ, ਕਿਉਂਕਿ ਗੰਡੋਏ ਨੂੰ ਜ਼ਿਆਦਾ ਚਾਨਣ ਦੀ ਜ਼ਰੂਰਤ ਨਹੀਂ ਹੁੰਦੀ ਹੈ।

ਗੰਡੋਏ ਹਨੇਰੇ ਵਿਚ ਜ਼ਿਆਦਾ ਕ੍ਰਿਆਸ਼ੀਲ ਰਹਿੰਦੇ ਹਨ। ਵਰਮੀ ਕੰਪੋਸਟ ਬਣਾਉਣ ਦੇ ਲਈ ਬੈਡ ਦੀ ਲੰਬਾਈ 40-50 ਫੁਟ ਅਤੇ ਚੌੜਾਈ 3-4 ਫੁਟ ਰੱਖਦੇ ਹਨ। ਜਿਸ ਵਿਚ 2 ਫੁਟ ਉਚਾਈ ਤੱਕ 10-15 ਦਿਨ ਪੁਰਾਣਾ ਗੋਬਰ ਭਰਦੇ ਹਨ ਅਤੇ ਲਗਭਗ 150 ਗੰਡੋਏ ਛੱਡ ਦਿੰਦੇ ਹਨ। ਗੋਬਰ ਦੇ ਉਪਰ 5-10 ਸੈਂਮੀ ਪੁਆਲ ਜਾਂ ਸੁੱਕੀ ਪੱਤੀਆਂ ਪਾ ਦਿਓ। ਇਸ ਇਕਾਈ ਵਿਚ ਬਰਾਬਰ 20-25 ਦਿਨ ਤੱਕ ਪਾਣੀ ਦਾ ਛਿੜਕਾਅ ਕਰੋ। ਇਸ ਵਿਚ 40 ਪ੍ਰਤੀਸ਼ਤ ਨਮੀ ਨੂੰ ਬਣਾਏ ਰੱਖਣ ਦੀ ਜ਼ਰੂਰਤ ਹੁੰਦੀ ਹੈ। 40-45 ਦਿਨ ਬਾਅਦ ਵਰਮੀ ਕੰਪੋਸਟ ਬਣ ਜਾਵੇ, ਤਾਂ 2 ਤੋਂ 3 ਦਿਨ ਤੱਕ ਪਾਣੀ ਦਾ ਛਿੜਕਾਅ ਬੰਦ ਕਰ ਦਿਓ। ਜਦ ਖਾਦ ਪਕੀ ਹੋਈ ਚਾਹ ਦੀ ਪੱਤੀ ਵਾਂਗ ਦਿਖੇ ਤਾਂ ਖਾਦ ਤਿਆਰ ਸਮਝੋ।



**ਵਰਮੀ ਕੰਪੋਸਟ ਦੇ ਲਾਭ :**

- ਗੰਡੋਆ ਖਾਦ ਦੇ ਪ੍ਰਯੋਗ ਨਾਲ ਸਿੰਚਾਈ ਵਿਚ ਬਚਤ ਹੁੰਦੀ ਹੈ।
- ਗੰਡੋਆ ਖਾਦ ਮ੍ਰਿਦਾ ਦੇ ਪੀ.ਐਚ. ਨੂੰ ਸੰਤੁਲਿਤ ਕਰਦਾ ਹੈ।
- ਵਰਮੀ ਕੰਪੋਸਟ ਮ੍ਰਿਦਾ ਵਿਚ ਸੂਖਮ ਜੀਵਾਣੂਆਂ ਨੂੰ ਸਕ੍ਰਿਯ ਕਰਕੇ ਪੌਦਿਆਂ ਦੀ ਪ੍ਰਤੀਰੋਧਕ ਤਾਕਤ ਵਧਾਉਣ ਵਾਲੇ ਪੋਸ਼ਕ ਤੱਤਾਂ ਨੂੰ ਪੌਦਿਆਂ ਨੂੰ ਉਪਲਬਧ ਕਰਵਾਉਂਦਾ ਹੈ। ਜਿਸ ਨਾਲ ਫਸਲ-ਉਤਪਾਦਨ ਵਿਚ ਵਾਧਾ ਹੁੰਦਾ ਹੈ।
- ਪੇਂਡੂ ਖੇਤਰਾਂ ਵਿਚ ਵਰਮੀ ਕੰਪੋਸਟ ਦੇ ਉਤਪਾਦਨ ਨਾਲ ਰੋਜ਼ਗਾਰ ਦੀਆਂ ਸੰਭਾਵਨਾਵਾਂ ਵੀ ਉਪਲਬਧ ਹੋ ਸਕਣਗੀਆਂ।



**ਬੇਡ ਤੋਂ ਖਾਦ ਕੱਢਣਾ :**

ਤਿਆਰ ਖਾਦ ਨੂੰ ਪਿਟ ਤੋਂ ਇਕ ਪਾਸੇ ਇਕੱਤਰ ਕਰ ਦਿਓ ਅਤੇ ਦੂਸਰੇ ਪਾਸਿਓਂ ਫਿਰ ਤੋਂ ਨਵਾਂ ਗੋਬਰ ਭਰ ਦਿਓ। ਅਜਿਹਾ ਕਰਨ ਨਾਲ ਤਿਆਰ ਕੰਪੋਸਟ ਦੇ ਸਾਰੇ ਗੰਡੋਏ ਨਵੇਂ ਗੋਬਰ ਵਿਚ ਚਲੇ ਜਾਣਗੇ। ਖਾਦ ਨੂੰ ਪਿਟ ਤੋਂ ਕੱਢ ਕੇ ਛਾਂ ਵਿਚ ਢੇਰ ਲਗਾ ਦਿਓ ਅਤੇ ਹਲਕਾ ਸੁਕਣ ਦੇ ਬਾਅਦ 2 ਮਿਮੀ. ਚੌੜੇ ਛਿਦ੍ਰਾਂ ਵਾਲੀ ਛਲਨੀ ਨਾਲ ਛਾਨ ਲਓ। ਛਨੀ ਹੋਈ ਖਾਦ ਨੂੰ ਬੋਰੀ ਵਿਚ ਭਰ ਕੇ ਰੱਖ ਲਓ। ਇਸ ਤਿਆਰ ਖਾਦ ਵਿਚ 20-25 ਪ੍ਰਤੀਸ਼ਤ ਨਮੀ ਹੋਣੀ ਚਾਹੀਦੀ। ਖਾਦ ਨੂੰ ਅਜਿਹੀ ਜਗਾ ਸਟੋਰ ਕਰੋ ਜਿਥੇ ਸੁਕ ਨਾ ਸਕੇ।

**ਸਾਵਧਾਨੀਆਂ :**

- ਟੋਏ ਵਿਚ ਲੱਕੜੀ, ਚੀੜ ਦੀ ਪੱਤੀ ਦਾ ਪ੍ਰਯੋਗ ਨਾ ਕਰੋ।
- ਟੋਏ ਵਿਚ ਪਲਾਸਟਰ ਨਾ ਕਰੋ।
- ਗੰਡੋਏ ਨੂੰ ਕੀੜਿਆਂ ਤੋਂ ਬਚਾਉਣ ਦੇ ਲਈ ਸਮੇ-ਸਮੇਂ 'ਤੇ ਗੱਡੇ ਦੇ ਚਾਰੋ ਪਾਸੇ ਅਤੇ ਜੈਵ ਕੀਟਨਾਸ਼ਕ ਦਾ ਪ੍ਰਯੋਗ ਕਰੋ।
- ਗੰਡੋਏ ਦੀ ਉਚਿਤ ਪ੍ਰਜਾਤੀ ਦੀ ਚੋਣ ਕਰਨੀ ਚਾਹੀਦੀ।
- ਟੋਏ ਨੂੰ ਹਮੇਸ਼ਾ ਸੂਰਜ ਦੇ ਪ੍ਰਕਾਸ਼ ਤੋਂ ਬਚਾਉਣਾ ਚਾਹੀਦਾ, ਇਸ ਲਈ ਟੋਏ ਦੇ ਉਪਰ ਘਾਹ-ਫੂਸੋ ਦਾ ਛੱਪਰ ਬਣਾ ਕੇ ਛਾਂ ਕਰਨੀ ਚਾਹੀਦੀ।



**ਵਰਮੀ ਕੰਪੋਸਟ ਦੇ ਪੋਸ਼ਕ :** ਦੇਸ਼ ਦੇ ਅਨੇਕਾਂ ਸੋਧ-ਸੰਸਥਾਨਾਂ ਵਿਚ ਕੀਤੇ ਗਏ ਪ੍ਰੀਖਣਾਂ ਦੇ ਅਨੁਸਾਰ ਵਰਮੀ ਕੰਪੋਸਟ ਵਿਚ 1.25 ਤੋਂ 2.5 ਪ੍ਰਤੀਸ਼ਤ ਨਾਈਟ੍ਰੋਜਨ, 1.6-1.8 ਪ੍ਰਤੀਸਤ ਫਾਸਫੋਰਸ ਅਤੇ 1.0-1.5 ਪ੍ਰਤੀਸ਼ਤ ਪੋਟਾਸ ਹੁੰਦਾ ਹੈ। ਵਰਮੀ ਕੰਪੋਸਟ ਦਾ ਪੀ.ਐਸ. ਮਾਨ 7-7.8 ਅਤੇ ਇਸ ਵਿਚ ਕਾਰਬਨ ਨਤ੍ਰਜਨ ਦਾ ਅਨੁਪਾਤ 12:1 ਹੁੰਦਾ ਹੈ। ਵਰਮੀ ਕੰਪੋਸਟ ਵਿਚ ਉਪਰੋਕਤ ਤੱਤ ਘੁਲਣਸ਼ੀਲ ਅਵਸਥਾ ਵਿਚ ਰਹਿੰਦ ਹਨ।



**ਵਰਮੀਵਾਸ਼ :** ਵਰਮੀਵਾਸ਼ ਇਕ ਤਰਲ ਪਦਾਰਥ ਹੈ, ਜੋ ਗੰਡੋਏ ਦੇ ਰਾਹੀਂ ਸਤ੍ਰਾਵਿਤ ਹਾਰਮੋਨਸ ਅਤੇ ਮਲਮੂਤਰ ਤੋਂ ਬਣਦਾ ਹੈ। ਇਹ ਪੋਸ਼ਕ ਤੱਤਾਂ ਅਤੇ ਅੰਜਾਈਮਯੁਕਤ ਹੁੰਦਾ ਹੈ, ਜਿਸ ਵਿਚ ਰੋਗਰੋਧਕ ਗੁਣ ਪਾਏ ਜਾਂਦੇ ਹਨ। ਇਸ ਦੇ ਪ੍ਰਯੋਗ ਨਾਲ ਪੱਚੀ ਪ੍ਰਤੀਸ਼ਤ ਤੱਕ ਉਤਪਾਦਨ ਵਧ ਜਾਂਦਾ ਹੈ। ਵਰਮੀਵਾਸ਼ ਦਾ ਪ੍ਰਕ੍ਰਿਤੀ ਗਊਮੂਤਰ ਵਾਂਗ ਤੇਜ਼ ਹੈ, ਇਸ ਲਈ ਘੱਟ ਤੋਂ ਘੱਟ 20 ਲੀਟਰ ਪਾਣੀ ਵਿਚ 1 ਲੀਟਰ ਵਰਮੀਵਾਸ਼ ਮਿਲਾ ਕੇ ਹੀ ਉਸਦਾ ਛਿੜਕਾਅ ਕਰੋ।

**ਵਰਮੀਵਾਸ਼ ਕਿਵੇਂ ਬਣਾਈਏ :**

ਜਿਸ ਤਰ੍ਹਾਂ ਗੰਡੋਏ ਦਾ ਮਲ (ਵਿਸ਼ਠਾ) ਖਾਦ ਰੂਪ ਵਿਚ ਉਪਯੋਗੀ ਹੈ, ਉਸੇ ਤਰ੍ਹਾਂ ਇਸ ਦਾ ਮੂਤਰ ਵੀ ਤਰਲ ਖਾਦ ਦੇ ਰੂਪ ਵਿਚ ਬਹੁਤ ਪ੍ਰਭਾਵਕਾਰਕ ਹੁੰਦਾ ਹੈ। ਗੰਡੋਏ ਦੇ ਮੂਤਰ ਨੂੰ ਇਕੱਠਾ ਕਰਨ ਦੀ ਇਕ ਵਿਸ਼ੇਸ਼ ਪ੍ਰਣਾਲੀ ਹੁੰਦੀ ਹੈ, ਜਿਸ ਨੂੰ ਵਰਮੀਵਾਸ ਕਹਿੰਦੇ ਹਨ। ਵਰਮੀਵਾਸ਼ ਬਣਾਉਣ ਦੇ ਲਈ 40 ਲੀਟਰ ਦੀ ਪਲਾਸਟਿਕ ਦੀ ਬਾਲਟੀ ਜਾਂ ਕੇਨ ਲੈ ਕੇ ਉਸ ਨੂੰ ਹੇਠ ਪ੍ਰਕਾਰ ਨਾਲ ਭਰਿਆ ਜਾਂਦਾ ਹੈ। ਬਾਲਟੀ ਵਿਚ ਥੱਲੇ ਇਕ ਛੋਟਾ ਛੇਕ ਕਰਦੇ ਹਾਂ, ਜਿਸ ਨਾਲ ਵਰਮੀਵਾਸ਼ ਇਕੱਠਾ ਕੀਤਾ ਜਾਦਾ ਹੈ।

1. ਇੱਟ ਦੇ ਛੋਟੇ-ਛੋਟੇ ਟੁਕੜੇ ਜਾਂ ਛੋਟੇ-ਛੋਟੇ ਪੱਥਰ 5 ਇੰਚ ਤੱਕ ਦੇ।
2. ਰੇਤ ਮੋਟੀ ਬਾਲੂ-2 ਇੰਚ ਦਾ ਥਰ।
3. ਮਿੱਟੀ-3 ਇੰਚ ਦਾ ਥਰ।
4. ਪੁਰਾਣਾ ਖਾਦ/ਗੋਬਰ 9-12 ਇੰਚ ਦਾ ਪਰਤ।
5. ਘਾਹ ਦਾ ਆਵਰਣ 1-1.5 ਇੰਚ ਦਾ ਥਰ।

ਇਸ ਤਰ੍ਹਾਂ ਬਾਲਟੀ ਨੂੰ ਭਰ ਕੇ ਉਸ ਵਿਚ ਕਰੀਬ 200 ਤੋਂ 300 ਗੰਡੋਏ ਛੱਡ ਦਿੰਦੇ ਹਨ। ਵਰਮੀਵਾਸ਼ ਦੀ ਬਾਲਟੀ ਛਾਂਦਾਰ ਜਗ੍ਹਾਂ ਵਿਚ ਰੱਖੀ ਜਾਂਦੀ ਹੈ। ਰੋਜ ਇਸ ਵਿਚ ਹਲਕਾ-ਹਲਕਾ ਪਾਣੀ ਛਿੜਕਦੇ ਰਹਿਣਾ ਚਾਹੀਦਾ। 30 ਦਿਨਾਂ ਤੱਕ ਬਾਲਟੀ ਦੇ ਥੱਲੇ ਦੇ ਛੇਕ ਨੂੰ ਅਸਥਾਈ ਰੂਪ ਨਾਲ ਬੰਦ ਕਰ ਦਿੱਤਾ ਜਾਂਦਾ ਹੈ। 30 ਦਿਨ ਵੇਫ ਬਾਅਦ ਇਸ ਛੇਕ ਨੂੰ ਖੋਲ੍ਹ ਕੇ ਉਸ ਦੇ ਥੱਲੇ ਇਕ ਬਰਤਨ ਰੱਖਿਆ ਜਾਂਦਾ ਹੈ, ਜਿਸ ਵਿਚ ਵਰਮੀਵਾਸ਼ ਇਕੱਠਾ ਹੁੰਦਾ ਹੈ। ਵਰਮੀਵਾਸ਼ ਦੀ ਬਾਲਟੀ ਵਿਚ 4-4 ਘੰਟੇ ਦੇ ਅੰਤਰ 'ਤੇ ਦਿਨ ਦੇ ਕਰੀਬ 4 ਤੋਂ 5 ਵਾਰ ਹਲਕੇ-ਹਲਕੇ ਪਾਣੀ ਦਾ ਛਿੜਕਾਅ ਕੀਤਾ ਜਾਂਦਾ ਹੈ। ਬਾਲਟੀ ਦੇ ਛੇਕ ਦੇ ਥੱਲੇ ਦੇ ਸਾਫ਼ ਬਰਤਨ ਵਿਚ ਬੂੰਦ-ਬੂੰਦ ਪਾਣੀ ਇਕੱਠਾ ਹੁੰਦਾ ਰਹੇਗਾ।

**ਗੰਡੋਆ-ਖਾਦ ਦੇ ਪ੍ਰਯੋਗ ਦੀ ਮਾਤਰਾ :**

ਗੰਡੋਆਂ-ਖਾਦ ਦੀ ਮਾਤਰਾ ਹਰ ਫ਼ਸਲ ਵਿਚ ਅਲਗ-ਅੱਲਗ ਹੁੰਦੀ ਹੈ, ਜਿਸ ਦਾ ਵਿਵਰਣ ਹੇਠ ਲਿਖਿਤ ਹੈ :

| ਫਸਲ | ਗੰਡੋਆਂ ਖਾਦ ਦੀ ਮਾਤਰਾ ਪ੍ਰਤੀ ਏਕੜ |
|---|---|
| ਧਾਨਯ ਫਸਲਾਂ | 2 ਟਨ |
| ਦਾਲਾਂ | 2 ਟਨ |
| तिलहनी ਫਸਲਾਂ | 3-5 ਟਨ |
| ਮਸਾਲਿਆਂ ਦੀਆਂ ਫਸਲਾਂ | 4 ਟਨ, 2-10 ਕਿਲੋਗ੍ਰਾਮ/ਪੌਦਾ |
| ਸ਼ਾਕੀਯ ਫਸਲਾਂ | 4-6 ਟਨ |
| ਫਲਦਾਰ ਰੁੱਖ | 2-3 ਕਿਲੋਗ੍ਰਾਮ/ ਦਰੱਖਤ |
| ਨਕਦੀ ਫਸਲਾਂ | 5 ਟਨ |
| ਸ਼ੋਭਾਕਾਰੀ ਫਸਲਾਂ | 4 ਟਨ |
| ਪਲਾਂਟੇਸਨ ਫਸਲਾਂ | 5 ਕਿਲੋਗ੍ਰਾਮ/ਪੌਦਾ |

(ਸਰੋਤ: ਰਾਧਾ ਡੀ.ਕਾਲੇ, 2003)

**ਕੁਦਰਤੀ ਖੇਤੀ**

ਪ੍ਰਾਕ੍ਰਿਤਕ ਖੇਤੀ ਵਿਚ ਅਸੀਂ ਪ੍ਰਾਕ੍ਰਿਤਕ ਵਿਧੀ ਤੋਂ ਬਣੇ ਸਪ੍ਰੇ ਅਤੇ ਖਾਦ ਦਾ ਉਪਯੋਗ ਕਰਦੇ ਹਾਂ। ਇਹ ਗਾਂ ਦੇ ਗੋਬਰ ਅਤੇ ਜੜ੍ਹੀ-ਬੂਟੀ ਵਰਗੇ ਕਾਰਬਨਿਕ ਕਚਰੇ ਦਾ ਉਪਯੋਗ ਕਰਕੇ ਤਿਆਰ ਕੀਤੇ ਜਾਂਦੇ ਹਨ।, ਜਿਨ੍ਹਾਂ ਵਿਚ ਵਿਸ਼ੇਸ਼ ਗੁਣ ਹੁੰਦੇ ਹਨ, ਜੋ ਉਨ੍ਹਾਂ ਵਿਚ ਇਕੱਠਿਆ ਜਾਂ ਸੰਗ੍ਰਹੀਤ ਜੀਵਨ ਊਰਜਾ ਦਾ ਸ਼ੋਸ਼ਣ ਕਰਦੇ ਹਨ। ਇਹ ਊਰਜਾ ਪ੍ਰਿਥਵੀ, ਪਾਣੀ, ਹਵਾ, ਅੱਗ ਅਤੇ ਬ੍ਰਹਿਮੰਡ ਤੋਂ ਪ੍ਰਾਪਤ ਹੁੰਦੀ ਹੈ।

**ਜੀਵਾਮ੍ਰਿਤ (ਇਕ ਏਕੜ ਖੇਤ ਦੇ ਲਈ)**

**ਜ਼ਰੂਰੀ ਸਮੱਗਰੀ**

1. 10 ਕਿਲੋਗ੍ਰਾਮ ਦੇਸੀ ਗਾਂ ਦਾ ਗੋਬਰ।
2. 5 ਤੋਂ 10 ਲੀਟਰ ਗਊਮੂਤਰ।
3. 2 ਕਿਲੋਗ੍ਰਾਮ ਗੁੜ ਜਾਂ ਫਲਾਂ ਦੇ ਗੁਦਿਆਂ ਦੀ ਚਟਨੀ।
4. 2 ਕਿਲੋਗ੍ਰਾਮ ਬੇਸਨ (ਛੋਲੇ, ਉੜਦ, ਮੂੰਗ)।
5. 200 ਲੀਟਰ ਪਾਣੀ।
6. 50 ਗ੍ਰਾਮ ਮਿੱਟੀ।

**ਬਣਾਉਣ ਦੀ ਵਿਧੀ :**

ਸਭ ਤੋਂ ਪਹਿਲਾਂ ਕੋਈ ਪਲਾਸਟਿਕ ਦੀ ਟੰਕੀ ਜਾਂ ਸੀਮਿੰਟ ਦੀ ਟੰਕੀ ਲਓ ਫਿਰ ਉਸ 'ਤੇ 200 ਲੀਟਰ ਪਾਣੀ ਪਾਓ। ਪਾਣੀ ਵਿਚ 10 ਕਿਲੋਗ੍ਰਾਮ ਗਾਂ ਦਾ ਗੋਬਰ ਅਤੇ 5 ਤੋਂ 10 ਲੀਟਰ ਗਊਮੂਤਰ ਅਤੇ 2 ਕਿਲੋਗ੍ਰਾਮ ਗੁੜ ਜਾਂ ਗੁੱਦਿਆਂ ਦੀ ਚਟਨੀ ਮਿਲਾਓ। ਇਸ ਦੇ ਬਾਅਦ 2 ਕਿਲੋਗ੍ਰਾਮ ਬੇਸਨ, 50 ਗ੍ਰਾਮ ਮੇੜ ਦੀ ਮਿੱਟੀ ਜਾਂ ਜੰਗਲ ਦੀ ਮਿੱਟੀ ਪਾਓ ਅਤੇ ਸਾਰਿਆਂ ਨੂੰ ਡੰਡੇ ਨਾਲ ਮਿਲਾਓ। ਇਸ ਦੇ ਬਾਅਦ ਪਲਾਸਟਿਕ ਦੀ ਟੰਕੀ ਜਾਂ ਸੀਮਿੰਟ ਦੀ ਟੰਕੀ ਨੂੰ ਜਾਲੀਦਾਰ ਕੱਪੜੇ ਨਾਲ ਬੰਦ ਕਰ ਦਿਓ। 48 ਘੰਟੇ ਵਿਚ ਚਾਰ ਵਾਰ ਡੰਡੇ ਨਾਲ ਚਲਾਓ ਅਤੇ ਇਹ 48 ਘੰਟੇ ਬਾਅਦ ਤਿਆਰ ਹੋ ਜਾਏਗਾ।

**ਪ੍ਰਯੋਗ-ਸਮਾਂ :**

ਇਸ ਜੀਵਾਮ੍ਰਿਤ ਦਾ ਪ੍ਰਯੋਗ ਕੇਵਲ ਸੱਤ ਦਿਨਾਂ ਤੱਕ ਕਰ ਸਕਦੇ ਹੋ।

**ਸਾਵਧਾਨੀਆਂ :**

- ਪਲਾਸਟਿਕ ਅਤੇ ਸੀਮਿੰਟ ਦੀ ਟੈਂਕੀ ਨੂੰ ਛਾਂ ਵਿਚ ਰੱਖੋ, ਜਿਥੇ ਧੁੱਪ ਨਾ ਲੱਗੇ।
- ਗਊਮੂਤਰ ਨੂੰ ਧਾਤੂ ਦੇ ਬਰਤਨ ਵਿਚ ਨਾ ਰੱਖੋ।
- ਛਾਂ ਵਿਚ ਰੱਖਿਆ ਹੋਇਆ ਗੋਬਰ ਹੀ ਪ੍ਰਯੋਗ ਕਰੋ।

**ਪੰਚਗਵਯ (ਇਕ ਏਕੜ ਖੇਤ ਦੇ ਲਈ)**

ਪੰਚਗਵਯ ਦਾ ਅਰਥ ਹੈ ਪੰਚ+ਗਵਯ (ਗਾਂ ਤੋਂ ਪ੍ਰਾਪਤ ਪੰਜ ਪਦਾਰਥਾਂ ਦਾ ਘੋਲ) ਭਾਵ ਗਊਮੂਤਰ, ਗੋਬਰ, ਦੁੱਧ, ਦਹੀ ਅਤੇ ਘੀ ਦੇ ਮਿਸ਼ਰਨ ਤੋਂ ਬਣਾਏ ਜਾਣ ਵਾਲੇ ਪਦਾਰਥਾਂ ਨੂੰ ਪੰਚਗਵਯ ਕਹਿੰਦੇ ਹਨ। ਪੁਰਾਤਨ ਸਮੇਂ ਵਿਚ ਇਸ ਦਾ ਉਪਯੋਗ ਖੇਤੀ ਦੀ ਉਪਜਾਓ ਸਕਤੀ ਨੂੰ ਵਧਾਉਣ ਦੇ ਨਾਲ ਪੌਦਿਆਂ ਵਿਚ ਰੋਗ-ਪ੍ਰਤੀਰੋਧਕ ਤਾਕਤ ਵਧਾਉਣ ਦੇ ਲਈ ਕੀਤਾ ਜਾਂਦਾ ਸੀ।

**ਪੰਚਗਵਯ ਬਣਾਉਣ ਦੀ ਵਿਧੀ :**

ਪਹਿਲੇ ਦਿਨ 2.5 ਕਿ.ਗ੍ਰਾ. ਗੋਬਰ ਅਤੇ 1.5 ਲੀਟਰ ਗਊਮੂਤਰ ਵਿਚ 250 ਗ੍ਰਾਮ ਦੇਸੀ ਘੀ ਚੰਗੀ ਤਰ੍ਹਾਂ ਮਿਲਾ ਕੇ ਮਟਕੇ ਵਿਚ ਪਾ ਦਿਓ ਅਤੇ ਢੱਕਣ ਚੰਗੀ ਤਰ੍ਹਾਂ ਨਾਲ ਬੰਦ ਕਰ ਦਿਓ। ਅਗਲੇ ਤਿੰਨ ਦਿਨ ਤੱਕ ਇਸ ਨੂੰ ਰੋਜ਼ ਹੱਥ ਨਾਲ ਹਿਲਾਓ। ਹੁਣ ਚੌਥੇ ਦਿਨ ਸਾਰੀ ਸਮੱਗਰੀ ਨੂੰ ਆਪਸ ਵਿਚ ਮਿਲਾ ਕੇ ਮਟਕੇ ਵਿਚ ਪਾ ਦਿਓ ਅਤੇ ਫਿਰ ਤੋਂ ਢੱਕਣ ਬੰਦ ਕਰ ਦਿਓ। ਅਗਲੇ ਦਿਨ ਇਸ ਨੂੰ ਲੱਕੜੀ ਨਾਲ ਹਿਲਾਉਣ ਦੀ ਪ੍ਰਕ੍ਰਿਆ ਸ਼ੁਰੂ ਕਰੋ ਅਤੇ ਸੱਤ ਦਿਨ ਤੱਕ ਰੋਜ਼ਾਨਾ ਦੋਹਰਾਓ। ਇਸ ਦੇ ਬਾਅਦ ਜਦ ਇਸ ਦਾ ਖਮੀਰ ਬਣ ਜਾਵੇ ਅਤੇ ਖੁਸ਼ਬੂ ਆਉਣ ਲੱਗੇ, ਤਾਂ ਸਮਝ ਲਓ ਕਿ ਪੰਚਗਵਯ ਤਿਆਰ ਹੈ। ਇਸ ਦੇ ਉਲਟ ਜੇਕਰ ਖਟਾਸ ਭਰੀ ਬਦਬੂ ਆਵੇ, ਤਾਂ ਹਿਲਾਉਣ ਦੀ ਪ੍ਰਕ੍ਰਿਆ ਇਕ ਹਫ਼ਤਾ ਹੋਰ ਵਧਾ ਦਿਓ। ਇਸ ਤਰ੍ਹਾਂ ਪੰਚਗਵਯ ਤਿਆਰ ਹੁੰਦਾ ਹੈ ਹੁਣ 10 ਲੀ. ਪਾਣੀ ਵਿਚ 250 ਗ੍ਰਾ. ਪੰਚਗਵਯ ਮਿਲਾ ਕੇ ਕਿਸੇ ਵੀ ਫ਼ਸਲ ਵਿਚ ਕਿਸੇ ਵੀ ਸਮੇਂ ਉਪਯੋਗ ਕਰ ਸਕਦੇ ਹੋ। ਹੁਣ ਇਸ ਨੂੰ ਬਿਮਾਰੀਆਂ ਤੋਂ ਰੋਕਥਾਮ, ਕੀਟਨਾਸ਼ਕ ਦੇਰੂਪ ਵਿਚ ਅਤੇ ਵਾਧੇ ਕਾਰਕ ਉਤਪ੍ਰੇਰਕ ਦੇ ਰੂਪ ਵਿਚ ਉਪਯੋਗ ਕਰ ਸਕਦੇ ਹੋ। ਇਸ ਨੂੰ ਇਕ ਵਾਰ ਬਣਾ ਕੇ 6 ਮਹੀਨੇ ਤੱਕ ਉਪਯੋਗ ਕਰ ਸਕਦੇ ਹੋ। ਇਸ ਨੂੰ ਬਣਾਉਣ ਦੀ ਲਾਗਤ 70 ਰੁਪਏ ਪ੍ਰਤੀ ਲੀਟਰ ਆਉਂਦੀ ਹੈ।

**ਉਪਯੋਗ ਦੀ ਵਿਧੀ :**

1 .ਪੰਚਗਵਯ ਦਾ ਉਪਯੋਗ ਅਨਾਜ ਅਤੇ ਦਾਲਾਂ (ਧਾਨ, ਕਣਕ, ਮੰਡੁਵਾ,ਰਾਜਮਾ ਆਦਿ) ਅਤੇ ਸਬਜੀਆਂ (ਸਿਮਲਾ ਮਿਰਚ, ਟਮਾਟਰ,ਗੋਭੀ ਵਰਗੀਆਂ ਅਤੇ ਕੰਦਵਾਲੀ) ਫ਼ਸਲਾਂ ਵਿਚ ਕੀਤਾ ਜਾਂਦਾ ਹੈ।

2 .ਛਿੜਕਾਅ ਦੇ ਸਮੇਂ ਖੇਤ ਵਿਚ ਪੂਰੀ ਨਮੀ ਹੋਣੀ ਜ਼ਰੂਰੀ ਹੈ।

3 .ਬੀਜ ਉਪਚਾਰ ਤੋਂ ਲੈ ਕੇ ਫਸਲ ਕਟਾਈ ਦੇ 25 ਦਿਨ ਪਹਿਲੇ ਤਕ 25 ਤੋਂ 30 ਦਿਨ ਦੇ ਅੰਤਰਾਲ ਵਿਚ ਇਸ ਦਾ ਉਪਯੋਗ ਕੀਤਾ ਜਾ ਸਕਦਾ ਹੈ।

4 .ਪ੍ਰਤੀ ਬੀਘਾ 5 ਲੀ. ਪੰਚਗਵਯ 200 ਲੀ. ਪਾਣੀ ਵਿਚ ਮਿਲਾ ਕੇ ਪੌਦਿਆਂ ਦੇ ਤਣਿਆਂ ਦੇ ਕੋਲ ਛਿੜਕਾਅ ਕਰੋ।

**ਬੀਜ ਉਪਚਾਰ :**

1. 1 ਲੀਟਰ ਪੰਚਗਵਯ ਦੇ ਘੋਲ ਵਿਚ 500 ਗ੍ਰਾਮ ਵਰਮੀ ਕੰਪੋਸਟ ਮਿਲਾ ਕੇ ਬੀਜਾਂ 'ਤੇ ਛਿੜਕਾਅ ਕਰੋ ਅਤੇ ਉਸ ਦੀ ਹਲਕੀ ਪਰਤ ਬੀਜ 'ਤੇ ਚੜ੍ਹਾਓ ਅਤੇ 30 ਮਿੰਟ ਤੱਕ ਛਾਂ ਵਿਚ ਸੁਕਾ ਕੇ ਬੁਆਈ ਕਰੋ।

**ਪੌਦੇ ਦੇ ਲਈ :**

1 . ਪੋਦਸ਼ਾਲਾ ਤੋਂ ਪੋਦ ਕੱਢ ਕੇ ਘੋਲ ਵਿਚ ਡੁਬਾਓ ਅਤੇ ਰੋਪਾਈ ਕਰੋ।

2 . ਪੋਦਾਂਰੋਪਣ ਜਾਂ ਬੁਆਈ ਦੇ ਬਾਅਦ 15-25 ਦਿਨ ਦੇ ਅੰਤਰਾਲ 'ਤੇ 3 ਵਾਰ ਲਗਾਤਾਰ ਛਿੜਕਾਅ ਕਰੋ।

**ਸਾਵਧਾਨੀਆਂ :**

1 .ਪੰਚਗਵਯ ਦਾ ਉਪਯੋਗ ਕਰਦੇ ਸਮੇਂ ਖੇਤ ਵਿਚ ਨਮੀ ਦਾ ਹੋਣਾ ਜ਼ਰੂਰੀ ਹੈ।

2 .ਇਕ ਖੇਤ ਦਾ ਪਾਣੀ ਦੂਸਰੇ ਖੇਤਾਂ ਵਿਚ ਨਹੀਂ ਜਾਣਾ ਚਾਹੀਦਾ।

3 .ਇਸ ਦਾ ਛਿੜਕਾਅ ਸਵੇਰੇ 10 ਵਜੇ ਤੋਂ ਪਹਿਲੇ ਅਤੇ ਸਾਮ 3 ਵਜੇ ਦੇ ਬਾਅਦ ਕਰਨਾ ਚਾਹੀਦਾ।

4 .ਪੰਚਗਵਯ ਮਿਸ਼ਰਨ ਨੂੰ ਹਮੇਸ਼ਾ ਛਾਂ ਦਾਰ ਅਤੇ ਠੰਢੇ ਸਥਾਨ 'ਤੇ ਰੱਖਣਾ ਚਾਹੀਦਾ।

5 .ਇਸ ਨੂੰ ਬਣਾਉਣ ਦੇ 6 ਮਹੀਨੇ ਤੱਕ ਇਸ ਦਾ ਪ੍ਰਯੋਗ ਜ਼ਿਆਦਾ ਪ੍ਰਭਾਵਸ਼ਾਲੀ ਰਹਿੰਦਾ ਹੈ।

6 .ਟੀਨ, ਸਟੀਲ ਅਤੇ ਤਾਂਬਾ ਦੇ ਬਰਤਨ ਵਿਚ ਇਸ ਮਿਸ਼ਰਨ ਨੂੰ ਨਹੀਂ ਰੱਖਣਾ ਚਾਹੀਦਾ। ਇਸ ਦੇ ਨਾਲ ਰਸਾਇਣਿਕ ਕੀਟਨਾਸ਼ਕ ਅਤੇ ਖਾਦ ਦਾ ਉਪਯੋਗ ਨਹੀਂ ਕਰਨਾ ਚਾਹੀਦਾ।

**ਘਨਜੀਵਾਮ੍ਰਤ (ਇਕ ਏਕੜ ਖੇਤ ਦੇ ਲਈ)**

**ਜ਼ਰੂਰੀ ਸਮੱਗਰੀ :**

1 .100 ਕਿਲੋਗ੍ਰਾਮ ਗਾਂ ਦਾ ਗੋਬਰ।

2 .1 ਕਿਲੋਗ੍ਰਾਮ ਗੁੜ ਜਾਂ ਫਲਾਂ ਦੇ ਗੁਦੇ ਦੀ ਚਟਨੀ।

3 .2 ਕਿਲੋਗ੍ਰਾਮ ਬੇਸਨ (ਚਨਾ, ਉੜਦ, ਅਰਹਰ, ਮੂੰਗ)।

4 .50 ਗ੍ਰਾਮ ਮੇਡ ਜਾਂ ਜੰਗਲ ਦੀ ਮਿੱਟੀ।

5 .1 ਲੀਟਰ ਗਊਮੂਤਰ।

**ਬਣਾਉਣ ਦੀ ਵਿਧੀ :**

ਸਭ ਤੋਂ ਪਹਿਲਾਂ 100 ਕਿਲੋਗ੍ਰਾਮ ਗਾਂ ਦੇ ਗੋਬਰ ਨੂੰ ਕਿਸੇ ਪੱਕੇ ਫਰਸ਼ ਜਾਂ ਪੋਲੀਥੀਨ 'ਤੇ ਫੈਲਾਓ, ਫਿਰ ਇਸ ਦੇ ਬਾਅਦ 1 ਕਿਲੋ. ਗੁੜ ਜਾਂ ਫਲਾਂ ਦੀ ਗੁੱਦਿਆਂ ਦੀ ਚਟਨੀ ਅਤੇ 1 ਕਿਲੋ. ਬੇਸਨ ਨੂੰ ਪਾਓ। ਇਸ ਦੇ ਬਾਅਦ 50 ਗ੍ਰਾਮ ਮੇੜ ਜਾਂ ਜੰਗਲ ਦੀ ਮਿੱਟੀ ਪਾ ਕੇ 1 ਲੀ. ਗਊਮੂਤਰ, ਸਾਰੀ ਸਮੱਗਰੀ ਨੂੰ ਫਾਵੜੇ ਨਾਲ ਮਿਲਾਓ ਫਿਰ 48 ਘੰਟੇ ਛਾਂਦਾਰ ਸਥਾਨ 'ਤੇ ਇਕੱਠਿਆ ਕਰਕੇ ਜਾਂ ਥਾਪੀਯਾ ਬਣਾ ਕੇ ਜੂਟ ਦੇ ਬੋਰੇ ਨਾਲ ਢਕ ਦਿਓ। 48 ਘੰਟੇ ਬਾਅਦ ਉਸ ਨੂੰ ਛਾਂ ਵਿਚ ਸੁਕਾ ਕੇ, ਚੂਰਨ ਬਣਾ ਕੇ ਭੰਡਾਰਨ ਕਰੋ।

**ਪ੍ਰਯੋਗ ਸਮਾਂ :**

ਇਸ ਦਾ ਪ੍ਰਯੋਗ ਛੇ ਮਹੀਨੇ ਤੱਕ ਕਰ ਸਕਦੇ ਹੋ।

**ਸਾਵਧਾਨੀਆਂ :**

1. ਸੱਤ ਦਿਨ ਛਾਂ ਵਿਚ ਰੱਖੇ ਹੋਏ ਗੋਬਰ ਦਾ ਪ੍ਰਯੋਗ ਕਰੋ।

2. ਗਊਮੂਤਰ ਕਿਸੇ ਧਾਤੂ ਦੇ ਬਰਤਨ ਵਿਚ ਨਾ ਰੱਖੋ।

**ਛਿੜਕਾਅ :**

ਇਕ ਵਾਰ ਖੇਤ ਜੁਤਾਈ ਦੇ ਬਾਅਦ ਘਨਜੀਵਾਮ੍ਰਤ ਦਾ ਛਿੜਕਾਅ ਕਰਕੇ ਖੇਤ ਤਿਆਰ ਕਰੋ।

**ਜ਼ਰੂਰੀ ਸਮੱਗਰੀ : ਧਨਜੀਵਾਮ੍ਰਤ**

| | |
|---|---|
| ਗਊਮੂਤਰ | 1.5 ਲੀ. (ਦੇਸੀ ਗਾਂ) |
| ਗੋਬਰ | 2.5 ਕਿ.ਗ੍ਰਾ. |
| ਦਹੀ | 1 ਕਿ.ਗ੍ਰਾ. |
| ਦੁੱਧ | 1 ਲੀ. |
| ਦੇਸੀ ਘੀ | 520 ਗ੍ਰਾਮ |
| ਗੁੜ | 500 ਗ੍ਰਾਮ |
| ਸਿਰਕਾ | 1 ਲੀ. |
| ਕੇਲਾ | 6 ਨਗ |
| ਕੱਚਾ ਨਾਰੀਅਲ | 2 ਨਗ |
| ਪਾਣੀ | 10 ਲੀਟਰ |
| ਪਲਾਸਟਿਕ ਦਾ ਪਾਤਰ/ਮਟਕਾ | 1 ਨਗ |

**ਮਟਕਾ-ਖਾਦ :**

**ਮਟਕਾ-ਖਾਦ ਬਣਾਉਣ ਦੀ ਵਿਧੀ :**

ਦੇਸੀ ਗਾਂ ਦਾ 10 ਲੀਟਰ ਗਊਮੂਤਰ, 10 ਕਿਲੋਗ੍ਰਾਮ ਤਾਜ਼ਾ ਗੋਬਰ, ਅੱਧਾ ਕਿਲੋਗ੍ਰਾਮ ਗੁਡ, ਅੱਧਾ ਕਿਲੋ ਚਨੇ ਦਾ ਬੇਸਨ ਸਾਰਿਆਂ ਨੂੰ ਮਿਲਾ ਕੇ 1 ਵੱਡੇ ਮਟਕੇ ਵਿਚ ਭਰ ਕੇ 5-7 ਦਿਨ ਤੱਕ ਸੜਾਓ, ਇਸ ਨਾਲ ਉਤਮ ਜੀਵਾਣੂ ਕਲਚਰ ਤਿਆਰ ਹੁੰਦਾ ਹੈ। ਮਟਕਾ ਖਾਦ ਨੂੰ 200 ਲੀਟਰ ਪਾਣੀ ਵਿਚ ਘੋਲ ਕੇ ਕਿਸੇ ਵੀ ਫ਼ਸਲ ਵਿਚ ਗਿੱਲੀ ਜਾਂ ਨਮੀਯੁਕਤ ਜ਼ਮੀਨ ਵਿਚ ਫਸਲਾਂ ਦੀ ਕਤਾਰਾਂ ਦੇ ਵਿਚ ਚੰਗੀ ਤਰ੍ਹਾਂ ਨਾਲ ਪ੍ਰਤੀ ਏਕੜ ਛਿੜਕਾਅ ਕਰੋ। ਹਰ 15 ਦਿਨ ਬਾਅਦ ਇਸ ਕ੍ਰਿਆ ਨੂੰ ਦੋਹਰਾਓ। ਇਸ ਤਰ੍ਹਾਂ ਫਸਲ ਵੀ ਚੰਗੀ ਹੋਵੇਗੀ, ਪੈਦਾਵਾਰ ਵੀ ਵਧੇਗੀ, ਜ਼ਮੀਨ ਵੀ ਸੁਧਰੇਗੀ ਅਤੇ ਕਿਸੇ ਵੀ ਤਰ੍ਹਾਂ ਦੇ ਖਾਦ ਦੀ ਜ਼ਰੂਰਤ ਨਹੀਂ ਪਵੇਗੀ। ਇਸ ਤਰ੍ਹਾਂ ਨਾਲ ਕਿਸਾਨ ਆਤਮ-ਨਿਰਭਰ ਹੋ ਕੇ ਬਾਜ਼ਾਰ ਮੁਕਤ ਖੇਤੀ ਕਰ ਸਕਦਾ ਹੈ ਅਤੇ ਜ਼ਹਿਰਮੁਕਤ, ਰਸਾਇਣ ਮੁਕਤ, ਸਵਾਦਿਸਟ ਅਤੇ ਪੋਸ਼ਟਿਕ ਫਸਲ ਤਿਆਰ ਕਰ ਸਕਦਾ ਹੈ।

ਇਸ ਮਟਕਾ-ਖਾਦ ਨੂੰ ਸਿੰਚਾਈ-ਪਾਣੀ ਦੇ ਨਾਲ ਸਿੱਧੇ ਭੂਮੀ ਵਿਚ ਜਾਂ ਟਪਕ/ਡਰਿਪ ਸਿੰਚਾਈ (1 ਮਟਕਾ ਪ੍ਰਤੀ ਏਕੜ) ਨਾਲ ਵੀ ਦਿੱਤਾ ਜਾ ਸਕਦਾ ਹੈ।

ਇਕ ਮਟਕਾ-ਖਾਦ ਨੂੰ 400 ਲੀਟਰ ਪਾਣੀ ਵਿਚ ਚੰਗੇ ਨਾਲ ਘੋਲ ਕੇ ਇਸ ਵਿਲਯਨ ਨੂੰ ਪੌਦੇ ਦੇ ਕੋਲ ਜ਼ਮੀਨ 'ਤੇ ਦੇਣ ਨਾਲ ਚੰਗੇ ਨਤੀਜੇ ਮਿਲਦੇ ਹਨ।

ਜੇਕਰ ਇਸੇ ਵਿਲਯਨ ਨੂੰ ਸੂਤੀ ਕੱਪੜੇ ਨਾਲ ਛਾਨ ਕੇ ਫ਼ਸਲਾਂ 'ਤੇ ਛਿੜਕਦੇ ਹਨ, ਤਾਂ ਜ਼ਿਆਦਾ ਫੁੱਲ ਅਤੇ ਫਲ ਲੱਗਦੇ ਹਨ।

# ਸਿੰਜਾਈ ਪ੍ਰਬੰਧ (ਏ ਜੀ ਆਰ/N1205)

**ਸਿੰਜਾਈ:**

ਬੂਟਿਆਂ ਦੇ ਵਾਧੇ ਲਈ ਮਿੱਟੀ ਵਿਚ ਜਰੂਰੀ ਨਮੀ ਲਈ ਨਿਯਮਿਤ ਵਕਫ਼ੇ 'ਤੇ ਬਨਾਉਟੀ ਰੂਪ ਨਾਲ ਪਾਣੀ ਦੇਣ ਦੀ ਪ੍ਰਕਿਰਿਆ ਨੂੰ ਸਿੰਜਾਈ ਕਹਿੰਦੇ ਹਨ।



सिंचाई के उद्देश्य:

- ✶ ਬੂਟਿਆਂ ਦੇ ਵਾਧੇ ਲਈ ਮਿੱਟੀ ਵਿਚ ਜ਼ਰੂਰੀ ਨਮੀ ਨੂੰ ਪੂਰਾ ਕਰਨ ਲਈ।
- ✶ ਫ਼ਸਲ ਨੂੰ ਸੋਕੇ ਤੋਂ ਬਚਾ ਕੇ ਉਤਪਾਦਨ ਨਿਸ਼ਚਿਤ ਕਰਨ ਲਈ।
- ✶ ਫ਼ਸਲ ਨੂੰ ਪਾਲੇ ਤੋਂ ਬਚਾਉਣ ਲਈ।
- ✶ ਉੱਪਰੀ ਪਰਤ ਨੂੰ ਨਰਮ ਕਰਕੇ ਉਸ ਨੂੰ ਕਰਸ਼ਣ ਕਿਰਿਆਵਾਂ ਦੇ ਅਨੁਕੂਲ ਬਣਾਉਣ ਲਈ।
- ✶ ਮਿੱਟੀ ਵਿਚ ਮੌਜੂਦ ਨਮਕ ਨੂੰ ਕੱਢਣ ਲਈ।

सिंचाई वेफ लिए फसलों की क्रांतिक/मुख्य अवस्थाएँ

| **ਲੜੀ ਨੰ:** | **ਫ਼ਸਲ** | **ਇਨਕਲਾਬੀ ਅਵਸਥਾ** |
|---|---|---|
| **1.** | ਕਣਕ | ਆਖ਼ਰੀ ਜੜ੍ਹ ਨਿਕਲਣਾ, ਫੋਰਕ ਫੁੱਟਣਾ, ਗੰਢ ਅਵਸਥਾ, ਬਾਲਿਆਂ ਦਾ ਬਣਨਾ, ਦਾਣੇ ਦੀ ਦੂਧੀਆ ਅਵਸਥਾ 'ਤੇ ਦਾਣੇ ਦੇ ਪੱਕਣ ਦੀ ਅਵਸਥਾ |
| 2. | ਜੌਂ | ਬਿਜਾਈ ਦੇ 30 ਦਿਨ ਬਾਅਦ, ਦਾਣੇ ਭਰਨ ਸਮੇਂ |
| 3. | ਚਨਾ, ਸਰ੍ਹੋਂ, ਅਲਸੀ | ਫੁੱਲਣ ਲੱਗਣ ਤੋਂ ਪਹਿਲਾਂ, ਫਲੀਆਂ ਬਣਨ ਸਮੇਂ |
| 4. | ਆਲੂ | ਪੁੰਗਰਨ ਦੇ ਸਮੇਂ, ਕੰਦ ਬਣਨ ਦੇ ਸ਼ੁਰੂਆਤੀ ਸਮੇਂ |
| 5. | ਗੰਨਾ | ਪੁੰਗਰਨ, ਫੋਰਕ ਨਿਕਲਣ ਸਮੇਂ ਬਰਵਾਰ ਦੇ ਸਮੇਂ |
| 6. | ਕਪਾਹ | ਡੋਡੇ ਵਾਲੀਆਂ ਸ਼ਾਖਾਵਾਂ ਬਣਨ ਸਮੇਂ, ਫੁੱਲ ਲੱਗਣ ਸਮੇਂ ਡੋਡੇ ਲੱਗਣ ਸਮੇਂ |
| 7. | ਤੰਬਾਕੂ | ਛਟਾਈ ਦੇ ਸਮੇਂ |
